Postal No. - Jallandhar Vide No. L-4/PB/0196/Lobana Sewak/0196/2022-2023
Regd No. 32212/78

# ਲੁਬਾਣਾ ਸੇਵਕ

ਸਤੰਬਰ 2023 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਚੰਦਰਯਾਨ-3 ਸਫ਼ਲਤਾ ਪੂਰਬਕ ਚੰਦਰਮਾ 'ਤੇ ਪਹੁੰਚਣ ਤੇ ਦੇਸ਼ਵਾਸੀਆਂ ਨੂੰ ਮੁਬਾਰਕਾਂ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਇਤਿਹਾਸਕ ਪ੍ਰਾਪਤੀ



ਭਾਰਤ ਦੇ ਚੰਦ ਉੱਤੇ ਪੁੱਜਣ ਦੀ ਪ੍ਰਾਪਤੀ ਭਾਰਤੀ ਇਤਿਹਾਸ ਦਾ ਇਕ ਸੁਨਹਿਰੀ ਪੰਨਾ ਬਣ ਗਈ ਹੈ। ਇਸ ਪ੍ਰਾਪਤੀ ਨਾਲ ਭਾਰਤ ਨੇ ਦੁਨੀਆਂ ਭਰ ਵਿਚ ਆਪਣੀ ਵਧਦੀ ਸ਼ਕਤੀ ਦਾ ਸੰਦੇਸ਼ ਵੀ ਦਿੱਤਾ ਅਤੇ ਇਹ ਵੀ ਜ਼ਾਹਿਰ ਕੀਤਾ ਹੈ ਕਿ ਭਾਰਤ ਆਉਂਦੇ ਸਮੇਂ ਵਿਚ ਪੁਲਾੜ ਦੇ ਖੇਤਰ ਵਿਚ ਹੋਰ ਵੀ ਵੱਡੀਆਂ ਪ੍ਰਾਪਤੀਆਂ ਕਰਨ ਦੇ ਸਮਰੱਥ ਹੋ ਜਾਏਗਾ। ਦੱਖਣੀ ਅਫ਼ਰੀਕਾ ਦੇ ਸ਼ਹਿਰ ਜੌਹਨਸਬਰਗ 'ਚ 'ਬ੍ਰਿਕਸ' ਦੇ 5 ਦੇਸ਼ਾਂ ਦੀ ਮੀਟਿੰਗ ਲਈ ਪੁੱਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਇਸ ਮਹਾਨ ਸਫ਼ਲਤਾ 'ਤੇ ਇਹ ਕਿਹਾ ਹੈ ਕਿ ਇਸ ਘਟਨਾ ਨੂੰ ਇਤਿਹਾਸ ਵਿਚ ਹਮੇਸ਼ਾ ਯਾਦ ਰੱਖਿਆ ਜਾਏਗਾ। ਇਹ ਵੀ ਕਿ ਭਾਰਤ ਚੰਦ ਦੇ ਦੱਖਣੀ ਧਰੁਵ 'ਤੇ ਪਹੁੰਚਣ ਵਾਲਾ ਪਹਿਲਾ ਦੇਸ਼ ਬਣ ਗਿਆ ਹੈ।

ਚੰਨ ਉੱਤੇ ਪਹਿਲਾਂ ਵੀ ਸੋਵੀਅਤ ਯੂਨੀਅਨ, ਅਮਰੀਕਾ ਅਤੇ ਚੀਨ ਪੁੱਜ ਚੁੱਕੇ ਹਨ। ਅਮਰੀਕਾ ਨੇ ਸਾਲ 1968 ਵਿਚ ਅਪੋਲੋ-8 ਮਿਸ਼ਨ ਰਾਹੀਂ ਚੰਦ 'ਤੇ ਨੀਲ ਆਰਮਸਟਰਾਂਗ ਨੂੰ ਭੇਜਣ 'ਚ ਸਫਲਤਾ ਪ੍ਰਾਪਤ ਕੀਤੀ ਸੀ। ਚੀਨ ਦਾ ਚੈਂਗ-4 ਰਾਕਟ 2019 ਵਿਚ ਚੰਦ ਉੱਤੇ ਪੁੱਜਣ 'ਚ ਸਫਲ ਹੋ ਗਿਆ ਸੀ। ਚੰਦਰਯਾਨ-3 ਦੇ ਸਫ਼ਰ ਦਾ ਮਹੱਤਵ ਇਸ ਲਈ ਵੀ ਵਧ ਗਿਆ ਹੈ, ਕਿਉਂਕਿ ਰੂਸ ਨੇ ਇਸੇ ਹੀ ਸਮੇਂ ਵਿਚ ਲੂਨਾ-25 ਚੰਦ ਦੇ ਦੱਖਣੀ ਹਿੱਸੇ 'ਤੇ ਉਤਾਰਨ ਦਾ ਯਤਨ ਕੀਤਾ ਸੀ, ਪਰ ਉਹ ਸਫਲ ਨਹੀਂ ਸੀ ਹੋ ਸਕਿਆ। ਭਾਰਤ ਨੇ ਵੀ ਇਹ ਯਤਨ ਜਾਰੀ ਰੱਖੇ ਹਨ। ਸਾਲ 2008 ਵਿਚ ਪਹਿਲੇ ਚੰਦਰਯਾਨ ਨੇ ਚੰਦ ਦੁਆਲੇ ਚੱਕਰ ਕੱਟੇ ਸਨ। ਉਸ ਵੱਲੋਂ ਚੰਦ ਦੀਆਂ ਭੇਜੀਆਂ ਜਾਂਦੀਆਂ ਸ਼ਾਨਦਾਰ ਤਸਵੀਰਾਂ ਤੋਂ ਇਹ ਪਤਾ ਲੱਗਾ ਸੀ ਕਿ ਇਸ ਦੇ ਦੱਖਣੀ ਧਰੁਵ ਵਿਚ ਬਰਫ਼ ਦੀਆਂ ਤਹਿਆਂ ਹਨ, ਜਿਸ ਕਰਕੇ ਇਸ ਉੱਪਰ ਵੱਡੀ ਮਾਤਰਾ 'ਚ ਪਾਣੀ ਜਮ੍ਹਾਂ ਹੈ। ਸਾਲ 2019 ਵਿਚ ਚੰਦਰਯਾਨ-2 ਨੂੰ ਚੰਦ ਦੀ ਖੋਜ ਲਈ ਭੇਜਿਆ ਗਿਆ ਸੀ, ਪਰ ਐਨ ਆਖ਼ਰੀ ਪੜਾਅ 'ਤੇ ਇਹ ਸਫਲ ਨਹੀਂ ਸੀ ਹੋ ਸਕਿਆ। ਉਸ ਤੋਂ ਬਾਅਦ 4 ਸਾਲ ਲਗਾਤਾਰ ਪੁਲਾੜ ਵਿਗਿਆਨੀ ਮਿਹਨਤ ਕਰਦੇ ਰਹੇ। ਬੰਗਲੌਰ ਵਿਚ ਸਥਾਪਤ ਸੰਸਥਾ 'ਇਸਰੋ' ਨੇ ਪੁਲਾੜ ਖੇਤਰ 'ਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਉਤਸ਼ਾਹ ਨਾਲ 1962 ਵਿਚ ਪੁਲਾੜ ਵਿਗਿਆਨੀਆਂ ਹੋਮੀ ਭਾਬਾ ਤੇ ਵਿਕਰਮ ਸਾਰਾਭਾਈ ਦੀ ਹਿੰਮਤ ਨਾਲ ਇਹ ਕੰਮ ਸ਼ੁਰੂ ਹੋਇਆ ਸੀ, ਜਿਸ ਵਿਚ ਬਾਅਦ 'ਚ ਵੱਡਾ ਯੋਗਦਾਨ ਡਾ. ਏ.ਪੀ.ਜੇ. ਅਬਦੁਲ ਕਲਾਮ ਅਤੇ ਸਤੀਸ਼ ਧਵਨ ਨੇ ਵੀ ਪਾਇਆ ਸੀ। ਇਸ ਸੰਸਥਾਨ ਕੋਲ ਚਾਹੇ ਸਾਧਨ ਤਾਂ ਸੀਮਤ ਹੀ ਰਹੇ, ਪਰ ਪੁਲਾੜ ਵਿਚ ਇਸ ਨੇ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ ਅਤੇ ਦੁਨੀਆਂ ਦੇ ਵੱਡੇ ਦੇਸ਼ਾਂ ਨਾਲ ਇਸ ਖੇਤਰ 'ਚ ਪੈਰ ਮਿਲਾ ਕੇ ਤੁਰਨ ਵਿਚ ਸਫਲਤਾ ਹਾਸਿਲ ਕੀਤੀ ਹੈ। ਵਿਕਰਮ ਲੈਂਡਰ ਦੇ ਚੰਦ 'ਤੇ ਉਤਰਨ ਦੇ ਨਾਲ ਉਸ ਵਿਚੋਂ ਨਿਕਲੇ ਪ੍ਰਗਿਆਨ ਨਾਂਅ ਦੇ ਰੋਵਰ ਰਾਹੀਂ ਇਸ ਹਿੱਸੇ ਦੇ ਵੱਖ-ਵੱਖ ਤਰ੍ਹਾਂ ਦੇ ਭੇਦ ਜਾਣਨ ਅਤੇ ਇਸ ਰਾਹੀਂ ਕੀਤੇ ਜਾਣ ਵਾਲੇ ਪ੍ਰਯੋਗਾਂ ਤੋਂ ਭਵਿੱਖ ਲਈ ਲਾਭਕਾਰੀ ਸਿੱਟੇ ਨਿਕਲਣ ਦੀ ਆਸ ਕੀਤੀ ਜਾਏਗੀ। ਪੁਲਾੜ ਦੇ ਖੇਤਰ 'ਚ ਦੁਨੀਆ ਭਰ ਵਿਚ ਹੋ ਰਹੀ ਖੋਜ ਨੂੰ ਦੇਖਦਿਆਂ ਭਾਰਤ ਨੂੰ ਵੀ ਆਪਣੇ ਯਤਨਾਂ ਤੇ ਦੂਜੇ ਦੇਸ਼ਾਂ ਦੇ ਸਹਿਯੋਗ ਨਾਲ ਅੱਗੇ ਵਧਣ ਦੀ ਜ਼ਰੂਰਤ ਹੋਵੇਗੀ, ਅਜਿਹੀ ਪਹਿਲਕਦਮੀ ਸਾਡੀ ਇਸ ਧਰਤੀ ਨੂੰ ਇਕ ਸਾਂਝ ਦੇ ਅਹਿਸਾਸ ਨਾਲ ਜੋੜ ਸਕੇਗੀ। ਭਾਰਤ ਨੂੰ ਆਪਣੀ ਇਸ ਪ੍ਰਾਪਤੀ 'ਤੇ ਹਮੇਸ਼ਾ ਮਾਣ ਰਹੇਗਾ, ਇਸ ਕਰਕੇ ਉਹ ਦ੍ਰਿੜ ਇਰਾਦੇ ਅਤੇ ਵਿਸ਼ਵਾਸ ਨਾਲ ਕੌਮਾਂਤਰੀ ਮੰਚ 'ਤੇ ਵਿਚਰ ਸਕੇਗਾ।

ਵਿਗਿਆਨੀਆਂ ਦੀ ਇਸ ਮਿਹਨਤ ਲਈ ਜਿੱਥੇ ਪੂਰਾ ਦੇਸ਼ ਉਨ੍ਹਾਂ ਨੂੰ ਮੁਬਾਰਕਾਂ ਦੇ ਰਿਹਾ ਹੈ ਉਥੇ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ ਦੀ ਸਾਰੀ ਕਾਰਜਕਾਰੀ ਟੀਮ ਵੱਲੋਂ ਵੀ ਭਾਰਤੀ ਵਿਗਿਆਨੀਆਂ ਨੂੰ ਬਹੁਤ-ਬਹੁਤ ਮੁਬਾਰਕਾਂ! ਸ਼ਾਲਾ! ਭਾਰਤ ਇਸੇ ਤਰ੍ਹਾਂ ਤਰੱਕੀ ਕਰਦਾ ਰਹੇ। ਆਮੀਨ!

**ਹਰਭਜਨ ਸਿੰਘ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ



**Chief Editor**
**Er. Harbhajan Singh**
Dy. C.E. (Retd.) President
M.: 98140-62091

**Addl. Chief Editor**
**Er. Parminderjit Singh**
M.: 99153-57524

**Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Co-Editor**
**S. Surinder Singh Ruby ETO (Retd.)**
M.: 98141-28181

## Advisors

1. S. Naginderjit Singh (Legal Advisor)
   Session Judge (Retd.),
   M.: 98159-02643
2. S. Narinder Singh, PES (Retd.)
   M.: 98555-34236
3. S. Mohinder Singh, DSP (Retd.)
   M.: 98144-74535
4. Dr. Preet Mohinder Pal Singh
   M.: 98148-98289

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98140-62091
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
President - 98140-62091

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥**
**ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥**

**ਅੱਸੂ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

**ਪੂਰਨਮਾਸ਼ੀ - 29-09-2023 (ਸ਼ੁੱਕਰਵਾਰ)**
**ਸੰਗਰਾਂਦ - 17-09-2023 (ਐਤਵਾਰ)**
**ਮੱਸਿਆ - 14-09-2023 (ਵੀਰਵਾਰ)**

## ਤਤਕਰਾ

ਜਿਲਦ ਨੰ. 41 | ਅੰਕ - 123 | ਸਤੰਬਰ - 2023



1. ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ 4
2. ਸਾਰਾਗੜ੍ਹੀ ਦੇ 21 ਸਿੱਖ ਸ਼ਹੀਦ – ਫਰਜ਼ ਲਈ ਕੁਰਬਾਨੀ ਦੀ ਅਦੁੱਤੀ ਮਿਸਾਲ 8
3. ਗੁਰਦੁਆਰਾ ਕੰਧ ਸਾਹਿਬ ਤੇ ਡੇਹਰਾ ਸਾਹਿਬ ਦਾ ਇਤਿਹਾਸ 10
4. ਗੁਰ ਸਾਗਰ ਦੇ ਸੁੱਚੇ ਮੋਤੀ 11
5. ਭਾਈ ਮੱਖਣ ਸ਼ਾਹ ਜੀ ਦਾ ਧਾਰਮਿਕ ਵਿਰਸਾ 12
6. ਕਿਉਂ ਪੁੱਤਰਾ! ਮੱਥਾ ਟੇਕਨ ਆਇਐਂ? 13
7. ਕੀ ਬਣੂ ਦੁਨੀਆ ਦਾ ਸੱਚੇ ਪਾਤਸ਼ਾਹ ਵਾਹਿਗੁਰੂ ਜਾਣੇ 14
8. ਆਤਮ ਵਿਸ਼ਵਾਸ ਦੀ ਮੂਰਤ – ਬੇਬੇ ਨਾਨਕੀ 15
9. ਅਗਸਤ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ 18
10. ਜੀਵਨ ਵਿਕਾਸ – ਇਕ ਸੰਘਰਸ਼ 20
11. ਚੰਦਰਮਾ 'ਤੇ ਪਹੁੰਚਿਆ ਚੰਦਰਯਾਨ-3 21
12. ਪੰਜਾਬ ਦਾ ਪੀਰ ਬਾਬਾ ਵਾਰਿਸ ਸ਼ਾਹ ਅਤੇ ਉਸ ਦੀ 'ਹੀਰ' 24
13. ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ 26
14. ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ 27
15. ਅਪਾਹਜ 28
16. ਆਓ ਜਾਣੀਏ! 29
17. ਸਿਹਤ ਸੰਭਾਲ 30
18. ਕਾਵਿ-ਕਿਆਰੀ 31
19. ਸ਼ਬਦਾਂ ਦੇ ਸੰਜੋਗ 33
20. ਭਾਈ ਕਨ੍ਹੈਯਾ ਜੀ 34
21. Application Form 36
22. ACHIEVERS IAS & JKAS OF LOBANA COMMUNITY.. 38
23. Matrimonial 40
24. ਦਾਨੀ ਸੱਜਣਾਂ ਦੀ ਸੂਚੀ 42


'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

**Printed & Published by**
**Harbhajan Singh for Baba Makhan Shah Lobana Foundation (Regd.)**
**Sector 30-A, Chandigarh.**

**Computer Designing - WP&S, M.: 98153-78692**

# ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ



ਗੁਰਬਾਣੀ ਅਤੇ ਇਤਿਹਾਸ ਨਾਲ ਪਿਆਰ ਕਰਨ ਵਾਲਾ ਹਰ ਗੁਰੂ ਨਾਨਕ ਨਾਮ ਲੇਵਾ ਸਿਖ ਇਹ ਜਾਣਦਾ ਹੈ ਕਿ ਵਰ੍ਹੇ ਦਾ ਸ਼ਾਇਦ ਹੀ ਕੋਈ ਦਿਨ ਅਜਿਹਾ ਹੋਵੇ, ਜਿਸ ਦਿਨ ਸਿੱਖ ਧਰਮ ਨਾਲ ਸਬੰਧਤ ਕੋਈ 'ਘਟਨਾ' ਨਾ ਵਾਪਰੀ ਹੋਵੇ। ਨਵੇਂ ਨਾਨਕਸ਼ਾਹੀ ਕੈਲੰਡਰ 'ਤੇ ਨਜ਼ਰ ਮਾਰੀਏ ਤਾਂ ਹਰ ਮਹੀਨੇ ਹੀ ਕਈ ਅਜਿਹੇ ਦਿਨ ਆਉਂਦੇ ਹਨ, ਜਿਨ੍ਹਾਂ ਦੀ ਯਾਦ ਨਾਲ ਹੀ ਸਿਰ ਆਪ ਮੁਹਾਰੇ ਸ਼ਰਧਾ ਵਿੱਚ ਝੁਕ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸ ਜਾਮੇ ਧਾਰ ਕੇ ਸਾਡੇ ਕਲਿਆਣ ਹਿੱਤ ਆਪਣਾ ਸਾਖਸ਼ਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਸਦੀਵ ਕਾਲ ਲਈ ਸਾਨੂੰ ਦੇ ਦਿੱਤਾ। ਅਸੀਂ ਕਿੰਨੇ ਵੱਡੇ ਭਾਗਾਂ ਵਾਲੇ ਹਾਂ ਕਿ ਜੀਵਨ ਦੇ ਹਰ ਮੋੜ 'ਤੇ ਸੇਧ ਦੇਣ ਲਈ ਗੁਰੂ ਸਾਹਿਬਾਨ ਜੀ ਦਾ ਆਤਮਿਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਕੋਲ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਗਤ ਦਾ ਸਦੀਵ ਸ਼ਬਦ–ਗੁਰੂ ਹੈ। ਇਹ ਇਕ ਅਜਿਹਾ ਕੇਂਦਰ ਬਿੰਦੂ ਹੈ ਜਿਸ ਦੇ ਦੁਆਲੇ ਸਮੁੱਚੇ ਸਿੱਖ ਜਗਤ ਦਾ ਕਾਰ–ਵਿਹਾਰ ਘੁੰਮਦਾ ਹੈ। ਜੋ ਵੀ ਪ੍ਰਾਣੀ ਮਾਤਰ ਆਪਣੇ ਆਪ ਨੂੰ ਸਿੱਖ ਕਹਾਉਣ ਵਿੱਚ ਫ਼ਖ਼ਰ ਮਹਿਸੂਸ ਕਰਦਾ ਹੈ, ਉਹ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫਲਸਫੇ 'ਤੇ ਅਧਾਰਤ ਜ਼ਿੰਦਗੀ ਜੀਊਣ ਦਾ ਪਾਬੰਦ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੱਖ–ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ ਜਿਸ ਤਰ੍ਹਾਂ 'ਆਦਿ ਗ੍ਰੰਥ' 'ਆਦਿ ਸ੍ਰੀ ਗੁਰੂ ਗ੍ਰੰਥ' ਆਦਿ। ਆਮ ਸੌਖੀ, ਸਰਲ ਤੇ ਪੇਂਡੂ ਭਾਸ਼ਾ ਵਿੱਚ ਇਸ ਨੂੰ 'ਦਰਬਾਰ ਸਾਹਿਬ' (ਰੱਬੀ ਅਦਾਲਤ) ਵੀ ਕਿਹਾ ਜਾਂਦਾ ਹੈ। ਭਾਵੇਂ 'ਆਦਿ ਗ੍ਰੰਥ' ਦਾ ਸੰਕਲਨ 1604 ਈ. ਵਿੱਚ ਹੋਇਆ ਪਰ ਇਸ ਵਿੱਚ ਸ਼ਾਮਲ ਬਾਣੀ ਨੂੰ ਲਿਖਣ ਤੇ ਇਕੱਤਰ ਕਰਨ ਦਾ ਕਾਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਆਰੰਭ ਹੋ ਗਿਆ ਸੀ। ਭਾਈ ਗੁਰਦਾਸ ਭੱਲਾ ਦੀ ਪਹਿਲੀ ਵਾਰ ਤੋਂ ਇਹ ਸੰਕੇਤ ਮਿਲਦਾ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਆਪਣੀਆਂ ਯਾਤਰਾਵਾਂ ਦੌਰਾਨ ਆਪਣੇ ਪਾਸ ਇਕ ਪੋਥੀ ਰੱਖਦੇ ਸਨ। ਨਿਰਸੰਦੇਹ ਇਹ ਪੋਥੀ ਉਹੀ ਸੀ ਜਿਸ ਵਿੱਚ ਗੁਰੂ ਸਾਹਿਬ ਆਪਣੀ ਰਚੀ ਬਾਣੀ ਨੂੰ ਦਰਜ ਕਰਦੇ ਸਨ। ਪੁਰਾਤਨ ਜਨਮ ਸਾਖੀ ਦੀ ਗਵਾਹੀ ਤੋਂ ਇਹ ਪਤਾ ਚਲਦਾ ਹੈ ਕਿ ਜਦ ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਭਾਈ ਲਹਿਣਾ (ਗੁਰੂ ਅੰਗਦ ਸਾਹਿਬ) ਜੀ ਨੂੰ ਸੌਂਪੀ ਤੇ ਨਾਲ ਹੀ ਉਨ੍ਹਾਂ ਨੂੰ ਉਹ 'ਪੋਥੀ' ਜਿਸ ਵਿੱਚ ਉਨ੍ਹਾਂ ਦੀ ਆਪਣੀ ਬਾਣੀ ਸੀ, ਵੀ ਸੌਂਪ ਦਿੱਤੀ।

'ਆਦਿ ਗ੍ਰੰਥ' ਦੀ ਸੰਪਾਦਨਾ ਸਿੱਖ ਇਤਿਹਾਸ ਵਿੱਚ ਇਕ ਅਤਿ ਅਹਿਮ ਘਟਨਾ ਹੈ। ਇਸ ਪਵਿੱਤਰ ਗ੍ਰੰਥ ਦਾ ਸੰਕਲਨ ਗੁਰੂ ਅਰਜਨ ਦੇਵ ਸਾਹਿਬ ਜੀ ਦੁਆਰਾ ਕੀਤਾ ਗਿਆ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਅਗਰ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ 'ਪੋਥੀਆਂ' ਦੇ ਰੂਪ ਵਿੱਚ ਮੌਜੂਦ ਸੀ ਤਾਂ ਬਾਣੀ ਨੂੰ ਗੁਰੂ ਦਾ ਰੁਤਬਾ ਵੀ ਪ੍ਰਾਪਤ ਸੀ ਤਾਂ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਇਸ 'ਗ੍ਰੰਥ' ਦੀ ਸੰਪਾਦਨਾ ਦੀ ਲੋੜ ਕਿਉਂ ਮਹਿਸੂਸ ਹੋਈ? ਇਸ ਸਵਾਲ ਦੇ ਇਤਿਹਾਸਕਾਰਾਂ–ਵਿਦਵਾਨਾਂ ਨੇ ਆਪਣੇ ਆਪਣੇ ਨਜ਼ਰੀਏ ਤੋਂ ਕਈ ਜਵਾਬ ਦਿੱਤੇ ਹਨ। ਪਰ ਪ੍ਰਮੁੱਖ ਤੇ ਪ੍ਰਵਾਨਤ ਕਾਰਨ ਇਹ ਸੀ ਕਿ ਗੁਰੂ ਸਾਹਿਬ ਇਹ ਮਹਿਸੂਸ ਕਰਦੇ ਸਨ ਕਿ ਸਿੱਖ ਧਰਮ ਦੀ ਸੁੰਤਤਰ ਹੋਂਦ ਲਈ ਸਿੱਖਾਂ ਪਾਸ ਆਪਣਾ ਧਾਰਮਿਕ ਗ੍ਰੰਥ ਹੋਣਾ ਬਹੁਤ ਜ਼ਰੂਰੀ ਹੈ। ਗੁਰੂ–ਘਰ ਦੇ ਵਿਰੋਧੀ ਬਹੁਤ ਸਾਰੀ ਬਾਣੀ ਰਚ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਸਨ। ਸੋ ਗੁਰੂ ਸਾਹਿਬ ਨੇ ਇਹ ਫੈਸਲਾ ਕੀਤਾ ਕਿ


**ਸੰਪਾਦਕ**
**ਭਗਵਾਨ ਸਿੰਘ**
**ਲੁਬਾਣਾ**
98155-40240






ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਇਕ ਥਾਂ ਇਕੱਤਰ ਕਰਕੇ ਇਕ 'ਗ੍ਰੰਥ' ਦਾ ਰੂਪ ਦਿੱਤਾ ਜਾਵੇ ਤਾਂ ਕਿ ਇਸ ਵਿੱਚ ਕੱਚੀ ਬਾਣੀ ਦੀ ਮਿਲਾਵਟ ਦੀ ਕੋਈ ਗੁੰਜਾਇਸ਼ ਨਾ ਰਹਿ ਜਾਵੇ ਅਤੇ ਸਿੱਖ, ਗੁਰੂ-ਘਰ ਦੇ ਵਿਰੋਧੀਆਂ (ਮੀਣੇ) ਵੱਲੋਂ ਰਚੀ ਬਾਣੀ ਵੱਲ ਪ੍ਰੇਰਿਤ ਨਾ ਹੋ ਜਾਣ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਆਪਣੀ ਇਹ ਖਾਹਿਸ਼ ਭਾਈ ਗੁਰਦਾਸ ਕੋਲ ਪ੍ਰਗਟ ਕੀਤੀ। ਉਪ੍ਰੰਤ ਸਿੱਖਾਂ ਨੂੰ ਵੱਖ-ਵੱਖ ਇਲਾਕਿਆਂ ਵਿੱਚ ਸੁਨੇਹੇ ਭੇਜੇ ਕਿ ਜਿਸ ਪਾਸ ਵੀ ਗੁਰੂ ਸਾਹਿਬਾਨ ਦੀ ਬਾਣੀ ਹੈ ਉਹ ਆਪਣੇ ਨਾਲ ਲੈ ਕੇ ਗੁਰੂ ਦੇ ਸਨਮੁੱਖ ਹਾਜ਼ਰ ਹੋਵੇ। ਇਸ ਤਰ੍ਹਾਂ ਸੂਫੀਆਂ, ਸੰਤਾਂ, ਭਗਤਾਂ ਦਿਆਂ ਚੇਲਿਆਂ ਨੂੰ ਵੀ ਕਹਿ ਭੇਜਿਆ ਕਿ ਉਹ ਆਪਣੇ ਵਡੇਰਿਆਂ ਦੀਆਂ ਰਚਨਾਵਾਂ ਗੁਰੂ ਸਾਹਿਬ ਪਾਸ ਭੇਜਣ ਤਾਂ ਕਿ ਉਨ੍ਹਾਂ ਵੱਲੋਂ ਸੰਪਾਦਤ ਹੋਣ ਵਾਲੇ 'ਗ੍ਰੰਥ' ਵਿੱਚ ਸ਼ਾਮਿਲ ਕੀਤੀਆਂ ਜਾ ਸਕਣ।

ਨਿਰਸੰਦੇਹ ਇਸ ਮਹਾਨ ਗ੍ਰੰਥ ਦੇ ਸੰਕਲਨ ਦਾ ਕਾਰਜ ਕੋਈ ਸੌਖਾ ਕੰਮ ਨਹੀਂ ਸੀ। ਸਭ ਤੋਂ ਪਹਿਲੀ ਮੁਸ਼ਕਿਲ ਤਾਂ ਗੁਰੂ ਸਾਹਿਬਾਨ ਦੀ ਬਾਣੀ ਜੋ ਕਿ ਵੱਖ-ਵੱਖ ਥਾਵਾਂ 'ਤੇ ਪਈ ਸੀ, ਨੂੰ ਇਕੱਤਰ ਕਰਨ ਦੀ ਸੀ। ਕਿਹਾ ਜਾਂਦਾ ਹੈ ਕਿ ਪਹਿਲੇ ਤਿੰਨ ਗੁਰੂ ਸਾਹਿਬਾਨ ਦੀ ਬਾਣੀ 'ਪੋਥੀਆਂ' ਦੇ ਰੂਪ ਵਿੱਚ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਨ ਜੀ ਪਾਸ ਸੀ। ਬਾਬਾ ਜੀ ਪਾਸੋਂ ਗੁਰ-ਬਾਣੀ ਨੂੰ ਪ੍ਰਾਪਤ ਕਰਨ ਵਿੱਚ ਬਹੁਤ ਕਠਨਾਈ ਦਾ ਸਾਹਮਣਾ ਕਰਨਾ ਪਿਆ। ਰਵਾਇਤ ਅਨੁਸਾਰ, ਪਹਿਲਾਂ ਭਾਈ ਗੁਰਦਾਸ ਤੇ ਫਿਰ ਬਾਬਾ ਬੁੱਢਾ ਜੀ ਨੂੰ ਗੁਰੂ ਅਰਜਨ ਸਾਹਿਬ ਨੇ ਬਾਬਾ ਮੋਹਨ ਜੀ ਪਾਸ ਇਸ ਕਾਰਜ ਲਈ ਭੇਜਿਆ ਪਰ ਇਹ ਦੋਵੇਂ ਗੁਰਸਿੱਖ 'ਬਾਣੀ' ਪ੍ਰਾਪਤ ਕਰਨ ਵਿੱਚ ਅਸਫਲ ਰਹੇ। ਫਿਰ ਗੁਰੂ ਸਾਹਿਬ ਖੁਦ ਚਲ ਕੇ ਗੋਇੰਦਵਾਲ ਪਹੁੰਚੇ ਤੇ ਬਾਬਾ ਜੀ ਤੋਂ ਗੁਰਬਾਣੀ ਵਾਲੀਆਂ ਪੋਥੀਆਂ ਪ੍ਰਾਪਤ ਕੀਤੀਆਂ। ਪ੍ਰਾਪਤੀ ਉਪ੍ਰੰਤ ਇਨ੍ਹਾਂ ਪੋਥੀਆਂ ਨੂੰ ਖੂਬਸੂਰਤ ਪਾਲਕੀ ਵਿੱਚ ਸਜਾਇਆ ਗਿਆ। ਇਹ ਪਾਲਕੀ ਚਾਰ ਸਿੱਖਾਂ ਨੇ ਆਪਣੇ ਮੋਢਿਆਂ 'ਤੇ ਚੁੱਕੀ ਤੇ ਗੋਇੰਦਵਾਲ ਸਾਹਿਬ ਤੋਂ ਅੰਮ੍ਰਿਤਸਰ ਲਈ ਰਵਾਨਾ ਹੋਏ। ਗੁਰੂ ਅਰਜਨ ਸਾਹਿਬ ਖੁਦ ਨੰਗੇ ਪੈਰੀਂ ਪਾਲਕੀ ਦੇ ਪਿੱਛੇ-ਪਿੱਛੇ ਚਲ ਰਹੇ ਸਨ ਤੇ ਬਾਕੀ ਸੰਗਤ ਉਨ੍ਹਾਂ ਦੇ ਪਿੱਛੇ। ਇਹ ਕਾਫਲਾ ਕੁਝ ਚਿਰ ਲਈ ਖਡੂਰ ਸਾਹਿਬ ਗੁਰੂ ਅੰਗਦ ਦੇਵ ਸਾਹਿਬ ਦੇ ਅਸਥਾਨ ਦੇ ਦਰਸ਼ਨ ਕਰਨ ਹਿੱਤ ਰੁਕਿਆ। ਜਦ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਅੰਮ੍ਰਿਤਸਰ ਵਿਖੇ ਇਹ ਖਬਰ ਮਿਲੀ ਕਿ ਗੁਰੂ ਅਰਜਨ ਸਾਹਿਬ 'ਪੋਥੀਆਂ' ਸਮੇਤ ਅੰਮ੍ਰਿਤਸਰ ਆ ਰਹੇ ਹਨ ਤਾਂ ਆਪ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੂੰ ਨਾਲ ਲੈ ਕੇ 'ਪੋਥੀਆਂ' ਦਾ ਸਵਾਗਤ ਕਰਨ ਹਿੱਤ ਅੰਮ੍ਰਿਤਸਰ ਤੋਂ ਚੱਲ ਪਏ। ਅੰਮ੍ਰਿਤਸਰ ਤੋਂ ਕੋਈ ਦੋ ਕੋਹ ਦੀ ਵਿੱਥ 'ਤੇ ਆਪ ਨੇ ਗੁਰੂ-ਪਿਤਾ ਨੂੰ ਮੱਥਾ ਟੇਕਿਆ ਤੇ 'ਪੋਥੀਆਂ' 'ਤੇ ਫੁੱਲਾਂ ਦੀ ਵਰਖਾ ਕੀਤੀ। ਹੁਣ ਗੁਰੂ ਅਰਜਨ ਸਾਹਿਬ, ਹਰਿਗੋਬਿੰਦ ਸਾਹਿਬ, ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੇ 'ਪੋਥੀਆਂ' ਵਾਲੀ ਪਾਲਕੀ ਨੂੰ ਆਪਣੇ ਮੋਢਿਆਂ 'ਤੇ ਟਿਕਾਇਆ ਤੇ ਅੰਮ੍ਰਿਤਸਰ ਨੂੰ ਰਵਾਨਾ ਹੋਏ। ਪਾਲਕੀ ਤੋਂ ਅੱਗੇ ਵਜੰਤਰੀ ਵੱਖ-ਵੱਖ ਸੰਗੀਤਕ-ਯੰਤਰਾਂ (ਸਾਜ਼ਾਂ) ਰਾਹੀਂ ਖੁਸ਼ੀ ਦੀ ਧੁਨਾਂ ਕੱਢ ਰਹੇ ਸਨ ਜਦਕਿ ਬਾਕੀ ਸਿੱਖ ਸੰਗਤਾਂ ਪਾਲਕੀ ਦੇ ਪਿੱਛੇ-ਪਿੱਛੇ ਚਲ ਰਹੀਆਂ ਸਨ। ਅੰਮ੍ਰਿਤਸਰ ਪਹੁੰਚ ਕੇ ਗੁਰੂ ਅਰਜਨ ਸਾਹਿਬ ਜੀ ਸਭ ਤੋਂ ਪਹਿਲਾਂ ਹਰਿਮੰਦਰ ਸਾਹਿਬ ਗਏ ਤੇ ਪੋਥੀਆਂ ਦੀ ਪ੍ਰਾਪਤੀ ਲਈ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਕੜਾਹ ਪ੍ਰਸ਼ਾਦਿ ਕਰਵਾਇਆ।

ਦੂਸਰੀ ਵੱਡੀ ਮੁਸ਼ਕਲ ਸੀ ਭਗਤਾਂ, ਸੰਤਾਂ, ਸੂਫੀਆਂ ਤੇ ਭੱਟਾਂ ਆਦਿ ਦੀਆਂ ਰਚਨਾਵਾਂ ਦੀ ਚੋਣ ਕਰਨ ਦੀ ਕਿਉਂਕਿ ਇਨ੍ਹਾਂ ਦੀਆਂ ਰਚਨਾਵਾਂ ਦੀ ਗਿਣਤੀ ਕਾਫੀ ਸੀ। ਸੋ ਗੁਰੂ ਸਾਹਿਬ ਨੇ ਭਗਤਾਂ ਦੇ ਅਨੁਯਾਈਆਂ ਨੂੰ ਬੁਲਾਇਆ ਤੇ ਉਨ੍ਹਾਂ ਨੂੰ ਆਪਣੇ ਆਪਣੇ ਵਡੇਰਿਆਂ ਦੀ ਬਾਣੀ ਸੁਣਾਉਣ ਨੂੰ ਕਿਹਾ। ਇਨ੍ਹਾਂ ਵਿੱਚੋਂ ਜੋ ਸ਼ਬਦ ਗੁਰੂ-ਆਸ਼ੇ ਦੇ ਅਨੁਕੂਲ ਸਨ, ਉਨ੍ਹਾਂ ਨੂੰ 'ਆਦਿ ਗ੍ਰੰਥ' ਵਿੱਚ ਸਥਾਨ ਦੇ ਦਿੱਤਾ ਤੇ ਬਾਕੀਆਂ ਨੂੰ ਛੱਡ ਦਿੱਤਾ।

ਤੀਸਰਾ ਜੋਖਮ ਭਰਿਆ ਕੰਮ ਸੀ, ਸਾਰੀ ਦੀ ਸਾਰੀ ਚੁਣੀ ਹੋਈ ਬਾਣੀ ਨੂੰ ਰਾਗਾਂ ਦੇ ਅਨੁਸਾਰ ਤਰਤੀਬ ਦੇਣਾ। ਇਹ ਸਾਰਾ ਕਾਰਜ ਅਣਥੱਕ ਲਗਨ ਤੇ ਉੱਚ ਬੌਧਿਕ ਸੰਜਮ ਵਾਲਾ ਸੀ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਬਾਖੂਬੀ ਨਿਭਾਇਆ ਤੇ ਸਾਰੀ ਚੁਣੀ ਹੋਈ ਸਮੱਗਰੀ ਨੂੰ ਇਕੱਠੀ ਰਾਗਾਂ ਅਨੁਸਾਰ ਵੰਡਿਆ ਤੇ ਹਰੇਕ ਰਚਨਾ ਨੂੰ ਸਹੀ ਸਥਾਨ

’ਤੇ ਅੰਕਤ ਕੀਤਾ।

ਇਸ ਅਤਿ ਬੌਧਿਕ-ਸੰਜਮ ਵਾਲੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਗੁਰੂ ਸਾਹਿਬ ਨੇ ਅੰਮ੍ਰਿਤਸਰ ਤੋਂ ਦੱਖਣ ਵੱਲ, ਇਕ ਇਕਤਾਂ ਤੇ ਰਮਣੀਕ ਸਥਾਨ ਰਾਮਸਰ ਸਰੋਵਰ ਦੇ ਕੰਢੇ ਇਕ ਪਿੱਪਲ ਦੇ ਦਰੱਖਤ ਹੇਠ ਇਕ ਤੰਬੂ ਲਵਾਇਆ ਤੇ ਉਥੇ ਬੈਠ ਕੇ ਇਹ ਕਾਰਜ ਆਰੰਭ ਕੀਤਾ ਗਿਆ। ਕਿਹਾ ਜਾਂਦਾ ਹੈ ਕਿ ਹਰ ਪਾਸਿਓਂ ਇਕੱਤਰ ਬਾਣੀ ਨੂੰ ਪਹਿਲਾਂ ਭਾਈ ਸੰਤ ਦਾਸ, ਭਾਈ ਹਰੀਆ ਜੀ, ਭਾਈ ਸੱਖਾ ਜੀ ਤੇ ਭਾਈ ਮਨਸਾ ਰਾਮ ਜੀ ਨੂੰ ਉਤਾਰਾ ਕਰਨ ਲਈ ਸੌਂਪਿਆ ਗਿਆ। ਉਨ੍ਹਾਂ ਦੁਆਰਾ ਉਤਾਰੀ ਗਈ ਬਾਣੀ ਨੂੰ ਸੋਧ ਕੇ, ਆਪਣੀ ਯੋਜਨਾ ਅਨੁਰੂਪ ‘ਗ੍ਰੰਥ’ ਵਿੱਚ ਸਥਾਨ ਦੇ ਕੇ, ਅੰਤਿਮ ਰੂਪ ਵਿੱਚ ਲਿਖਣ ਦਾ ਕੰਮ ਭਾਈ ਗੁਰਦਾਸ ਜੀ ਨੂੰ ਸੌਂਪਿਆ।

‘ਆਦਿ ਗ੍ਰੰਥ’ ਵਿੱਚ ਪਹਿਲੇ ਪੰਜ ਗੁਰੂ ਸਾਹਿਬਾਨ ਤੋਂ ਇਲਾਵਾ 15 ਭਗਤਾਂ ਤੇ ਸੂਫੀਆਂ, 11 ਭੱਟਾਂ ਤੇ ਗੁਰੂ-ਘਰ ਦੇ ਤਿੰਨ ਗਵੱਈਆਂ ਦੇ ਸ਼ਬਦ ਦਰਜ ਹਨ। ਇਹ ਭਾਰਤ ਦੇ ਵੱਖ-ਵੱਖ ਖੇਤਰਾਂ, ਜਾਤਾਂ ਤੇ ਧਰਮਾਂ ਨਾਲ ਸਬੰਧਤ ਸਨ। ਭਾਈ ਗੁਰਦਾਸ ਜੀ ਅਨੁਸਾਰ ਆਦਿ ਗ੍ਰੰਥ ਦੀ ਸੰਪੂਰਨਤਾ ਭਾਦੋਂ ਵਦੀ ਏਕਮ 661 ਬਿ. ਅਰਥਾਤ 1 ਅਗਸਤ 1604 ਈ. ਤਤਕਰੇ ਤੱਕ ਹੋਈ। ਇਸ ਦੇ 974 ਪੱਤਰੇ ਜਾਂ 1948 ਸਫੇ 12 “8)) ਆਕਾਰ ਦੇ ਸਨ। ਇਸ ਗਰੰਥ ਨੂੰ ‘ਆਦਿ ਬੀੜ’ ਜਾਂ ‘ਕਰਤਾਰਪੁਰ ਵਾਲੀ ਬੀੜ’ ਕਰਕੇ ਜਾਣਿਆ ਜਾਂਦਾ ਹੈ। ਆਦਿ ਗ੍ਰੰਥ ਸਾਹਿਬ ਦੇ ਤਿਆਰ ਹੋਣ ਉਪ੍ਰੰਤ ਗੁਰੂ ਸਾਹਿਬ ਨੇ ਆਪਣੇ ਇਕ ਸਿੱਖ ਭਾਈ ਬੰਨੋ ਨੂੰ ਗ੍ਰੰਥ ਸਾਹਿਬ ਜੀ ਦੀ ਜਿਲਤ ਬੰਨ੍ਹਵਾਉਣ ਵਾਸਤੇ ਲਾਹੌਰ ਭੇਜਿਆ। ਭਾਈ ਬੰਨੋ ਨੇ ਕਾਹਲੀ ਨਾਲ ਇਸ ਦੀ ਇਕ ਨਕਲ ਤਿਆਰ ਕਰ ਲਈ, ਜਿਸ ਨੂੰ ‘ਭਾਈ ਬੰਨੋ ਵਾਲੀ ਬੀੜ’ ਕਹਿੰਦੇ ਹਨ। ਇਹ ਹੁਣ ਤੱਕ ਇਨ੍ਹਾਂ ਦੇ ਵੰਸ਼ ਪਾਸ ਹੈ। ਇਸ ਬੀੜ ਨੂੰ ਖਾਰੀ ਬੀੜ ਕਰਕੇ ਵੀ ਜਾਣਿਆ ਜਾਂਦਾ ਹੈ। ਕਿਉਂਕਿ ਭਾਈ ਬੰਨੋ ਨੇ ਇਸ ਦਾ ਉਤਾਰਾ ਕਾਹਲੀ ਨਾਲ ਕੀਤਾ ਸੀ ਸੋ ਬਾਣੀ ਉਤਾਰਦਿਆਂ ਬਹੁਤ ਸਾਰੀਆਂ ਉਕਾਈਆਂ ਅਨਜਾਣੇ ਵਿੱਚ ਹੀ ਹੋ ਗਈਆਂ ਸਨ। ਤੀਸਰੀ ਬੀੜ ਜੋ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ ਗਈ, ਇਸ ਨੂੰ ‘ਦਮਦਮੀ ਬੀੜ’ ਕਰਕੇ ਜਾਣਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਸ਼੍ਰੋ. ਗੁ. ਪ੍ਰ. ਕਮੇਟੀ ਵੱਲੋਂ ਪ੍ਰਵਾਨਤ ਬੀੜ ਦਮਦਮੇ ਵਾਲੀ ਬੀੜ ’ਤੇ ਅਧਾਰਤ ਹੀ ਹੈ। ਇਸ ਦੇ 1430 ਪੰਨੇ ਹਨ ਅਤੇ ਇਸੇ ਹੀ ‘ਬੀੜ’ ਦਾ ਹਰ ਗੁਰਦੁਆਰੇ ਵਿੱਚ ਪ੍ਰਕਾਸ਼ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦਾ ਆਰੰਭ ਗੁਰੂ ਨਾਨਕ ਸਾਹਿਬ ਦੀ ਪ੍ਰਮੁੱਖ ਰਚਨਾ ‘ਜਪੁ ਜੀ’ ਨਾਲ ਹੁੰਦਾ ਹੈ। ਇਸ ਦਾ ਪਾਠ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ। ਜਪੁ ਜੀ ਸਾਹਿਬ ਪਿੱਛੋਂ ‘ਸੋ ਦਰੁ ਰਹਰਾਸਿ’ ਨੂੰ ਸਥਾਨ ਦਿੱਤਾ ਗਿਆ ਹੈ। ‘ਸੋ ਦਰੁ’ ਦਾ ਅਰਥ ਹੈ – ਦੁਆਰ, ਅਰਥਾਤ ਈਸ਼ਵਰ ਦੀ ਪ੍ਰਾਪਤੀ ਦਾ ਦੁਆਰ। ਇਸ ਦਾ ਪਾਠ ਸ਼ਾਮ ਵੇਲੇ ਕੀਤਾ ਜਾਂਦਾ ਹੈ। ‘ਸੋ ਦਰੁ ਰਹਰਾਸਿ’ ਤੋਂ ਪਿੱਛੋਂ ‘ਸੋ ਪੁਰਖ’ (ਸਰਵ ਸ਼ਕਤੀਮਾਨ ਪਰਮਾਤਮਾ) ਨਾਮੀ ਰਚਨਾ ਹੈ। ਇਸ ਦਾ ਪਾਠ ਵੀ ਸ਼ਾਮ ਨੂੰ ਕੀਤਾ ਜਾਂਦਾ ਹੈ। ਇਸ ਪਿੱਛੋਂ ‘ਸੋਹਿਲਾ’ ਹੈ। ਇਸ ਦਾ ਪਾਠ ਰਾਤ ਨੂੰ ਸੌਣ ਵੇਲੇ ਕੀਤਾ ਜਾਂਦਾ ਹੈ।

‘ਸੋਹਿਲਾ’ ਤੋਂ ਪਿੱਛੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖ ਭਾਗ ਆਰੰਭ ਹੁੰਦਾ ਹੈ। ਕੁੱਲ 1430 ਪੰਨਿਆਂ ਵਿੱਚੋਂ 1154 ਪੰਨੇ ਇਸ ਮੁੱਖ ਭਾਗ ਨੂੰ ਦਿੱਤੇ ਗਏ ਹਨ। ਇਸ ਨੂੰ 31 ਭਾਗਾਂ ਵਿੱਚ, 31 ਰਾਗਾਂ ਅਨੁਸਾਰ ਵੰਡਿਆ ਗਿਆ ਹੈ। ਇਸ ਵਿੱਚ ਗੁਰੂ-ਵਿਅਕਤੀਆਂ ਨੂੰ ਤਰਤੀਬ ਅਨੁਸਾਰਤੇ ਫਿਰ ਛੰਦਾਂ ਜਾਂ ਕਾਵਿ-ਰੂਪਾਂ ਨੂੰ ਤਰਤੀਬ ਅਨੁਸਾਰ ਸਥਾਨ ਦਿੱਤਾ ਗਿਆ ਹੈ। ਮਿਸਾਲ ਵਜੋਂ ਕਿਸੇ ਰਾਗ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਦੁਪਦੇ, ਚਉਪਦੇ, ਅਸਟਪਦੀਆਂ ਮਿਲਦੀਆਂ ਹਨ ਤਾਂ ਰਾਗ ਦੀ ਅੰਦਰੂਨੀ ਤਰਤੀਬ ਬਣਾਉਣ ਲਈ ਗੁਰੂ ਅਰਜਨ ਸਾਹਿਬ ਜੀ ਨੇ ਪਹਿਲਾਂ ਗੁਰੂ ਨਾਨਕ ਸਾਹਿਬ ਦੇ ਦੁਪਦੇ ਇਕੱਠੇ ਕਰ ਦਿੱਤੇ ਤੇ ਫਿਰ ਉਸ ਤੋਂ ਬਾਅਦ ਦੂਸਰੇ ਗੁਰੂ ਸਾਹਿਬਾਨ ਦੇ ਦੁਪਦੇ ਤਰਤੀਬਵਾਰ ਜੋੜ ਦਿੱਤੇ। ਇਸ ਤਰ੍ਹਾਂ ਚਉਪਦੇ, ਅਸਟਪਦੀਆਂ ਅਤੇ ਜੋ ਵੱਡੀ ਬਾਣੀ ਹੈ ਉਹ ਇਸ ਤੋਂ ਬਾਅਦ, ਫਿਰ ਵਾਰਾਂ ਤੇ ਫਿਰ ਭਗਤਾਂ ਦੀ ਬਾਣੀ ਨੂੰ ਦਰਜ ਕੀਤਾ ਗਿਆ ਹੈ। ਮਹਲਾ 1, 2, 3, 4, 5 ਦੇ ਕੇ ਗੁਰੂ ਵਿਅਕਤੀਆਂ ਨੂੰ ਵੱਖਰਿਆਂ ਵੀ ਦਰਸਾਇਆ ਗਿਆ ਹੈ ਅੰਤ ਵਿੱਚ ‘ਨਾਨਕ’ ਨਾਮ ਦਾ ਪ੍ਰਯੋਗ ਕਰਕੇ ਏਕ-ਜੋਤ ਦੇ ਸਿਧਾਂਤ ਨੂੰ ਵੀ ਕਾਇਮ ਰੱਖਿਆ ਗਿਆ ਹੈ।

ਵਿਸ਼ਵ-ਵਿਆਪੀ ਸਰੂਪ ਵਾਲੇ ਇਸ ਮਹਾਨ ਗ੍ਰੰਥ ਦੀ ਸੰਪੂਰਨਤਾ ’ਤੇ ਗੁਰੂ ਅਰਜਨ ਸਾਹਿਬ ਤੇ ਸਮੂਹ ਸਿੱਖ ਸੰਗਤਾਂ ਵੱਲੋਂ ਅਨੰਤ ਖੁਸ਼ੀ ਮਨਾਈ ਗਈ। ਸਿੱਖ ਸੰਗਤਾਂ ਵਹੀਰਾਂ ਘੱਤ ਕੇ ‘ਗ੍ਰੰਥ’ ਜੀ ਦੇ ਦਰਸ਼ਨ ਕਰਨ ਆਉਣ ਲੱਗੀਆਂ। ਦਰਸ਼ਨ ਕਰਨ ਆਈਆਂ ਸੰਗਤਾਂ ਨੂੰ ਗੁਰੂ ਜੀ ਨੇ ਹਦਾਇਤ ਕੀਤੀ ਕਿ ਜੋ ਵੀ ਸਿੱਖ, “ਗੁਰੂ” ਦੇ ਦਰਸ਼ਨ ਕਰਨੇ ਚਾਹੁੰਦਾ ਹੈ ਉਹ ‘ਗ੍ਰੰਥ’ ਜੀ ਦੇ ਦਰਸ਼ਨ ਕਰੇ ਅਤੇ ਜੋ ਵਿਅਕਤੀ ‘ਗੁਰੂ’ ਦੇ ਮੁਖ ਤੋਂ ਸ਼ਬਦ ਸੁਣਨਾ ਚਾਹੁੰਦਾ ਹੈ, ਉਹ ‘ਗ੍ਰੰਥ’ ਜੀ ਨੂੰ ਪੜ੍ਹੇ।

ਕਿਹਾ ਜਾਂਦਾ ਹੈ ਕਿ ਗੁਰੂ ਅਰਜਨ ਸਾਹਿਬ ਨੇ ਹਾਜ਼ਰ ਸਿੱਖ ਸੰਗਤਾਂ ਨੂੰ ਪੁੱਛਿਆ ਕਿ ‘ਗ੍ਰੰਥ’ ਜੀ ਨੂੰ ਕਿਸ ਅਸਥਾਨ ’ਤੇ ਸਸ਼ੋਭਿਤ ਕੀਤਾ ਜਾਵੇ। ਬਾਬਾ ਬੁੱਢਾ ਜੀ ਨੇ ਝੱਟ ਉੱਤਰ ਦਿੱਤਾ ਕਿ ਆਪ ਤਾਂ ਸਰਬਦਰਸ਼ੀ ਹੋ, ਪਰ ਹਰਿਮੰਦਰ ਜੀ ਤੋਂ ਵੱਧ ਉਚਿਤ ਅਸਥਾਨ ਕਿਹੜਾ ਹੋ ਸਕਦਾ ਹੈ? ਇਹ ਸੁਣ ਕੇ ਗੁਰੂ ਸਾਹਿਬ ਬਹੁਤ ਖੁਸ਼ ਹੋਏ। ਆਖਰ ਫੈਸਲਾ ਹੋਇਆ ਕਿ ਰਾਤ ਰਾਮਸਰ ਵਿਖੇ ਹੀ ਠਹਿਰਾਇਆ ਜਾਵੇ ਤੇ ਅਗਲੇ ਭਲਕ ‘ਗ੍ਰੰਥ’ ਜੀ ਸਮੇਤ ਅੰਮ੍ਰਿਤਸਰ ਪਰਤਿਆ ਜਾਵੇ। ‘ਗ੍ਰੰਥ’ ਜੀ ਚੰਦੋਏ ਹੇਠ ਚੌਂਕੀ ਉੱਪਰ ਬਿਰਾਜਮਾਨ ਸਨ ਜਦਕਿ ਗੁਰੂ ਸਾਹਿਬ ਬਾਕੀ ਸੰਗਤ ਸਮੇਤ ਭੋਇੰ ਤੇ ਬਿਰਾਜੇ। ਸਾਰੀ ਰਾਤ ਗੁਰੂ ਸਾਹਿਬ ਇਹ ਸੋਚਦੇ ਰਹੇ ਕਿ ‘ਗ੍ਰੰਥ’ ਜੀ ਦੀ ਦੇਖ-ਭਾਲ ਦੀ ਸੌਂਪਣਾ ਕਿਸ ਨੂੰ ਕੀਤੀ ਜਾਵੇ? ਆਖਰ ਬਾਬਾ ਬੁੱਢਾ ਜੀ ਨੂੰ ਹੀ ਇਸ ਜ਼ਿੰਮੇਵਾਰੀ ਲਈ ਸਭ ਤੋਂ ਵਧੀਕ ਯੋਗ ਸਮਝਿਆ ਗਿਆ। 16-8-1604 ਈ. ਨੂੰ ਅੰਮ੍ਰਿਤ ਵੇਲੇ ਉੱਠ ਕੇ ਗੁਰੂ ਸਾਹਿਬ (ਸਮੇਤ ਹਾਜ਼ਰ ਸਿੱਖ ਸੰਗਤਾਂ ਦੇ) ਨੇ ਰਾਮਸਰ ਸਰੋਵਰ ਵਿੱਚ ਇਸ਼ਨਾਨ ਕੀਤਾ। ਆਸਾ ਦੀ ਵਾਰ ਦੇ ਗਾਇਨ ਉਪ੍ਰੰਤ ਸਮੂਹ ਸੰਗਤ ਨੂੰ ਅੰਮ੍ਰਿਤਸਰ ਵੱਲ ਰਵਾਨਾ ਹੋਣ ਦਾ ਆਦੇਸ਼ ਦਿੱਤਾ। ਬਾਬਾ ਬੁੱਢਾ ਜੀ ਨੇ ‘ਗ੍ਰੰਥ’ ਜੀ ਨੂੰ ਆਪਣੇ ਸਿਰ ’ਤੇ ਚੁੱਕ ਲਿਆ ਤੇ ਗੁਰੂ ਸਾਹਿਬ ਪਿੱਛੇ-ਪਿੱਛੇ ਚੌਰ ਕਰਦੇ ਤੁਰ ਪਏ। ਆਪ ਦੇ ਪਿੱਛੇ ਸਿੱਖ ਸੰਗਤਾਂ ਸ਼ਬਦ ਪੜ੍ਹਦੀਆਂ ਚਲ ਰਹੀਆਂ

ਸਨ। ਇਸ ਤਰ੍ਹਾਂ ਗ੍ਰੰਥ ਜੀ ਨੂੰ ਪੂਰਨ ਸਨਮਾਨ ਨਾਲ, ਜਲੂਸ ਦੀ ਸ਼ਕਲ ਵਿੱਚ 'ਹਰਿਮੰਦਰ' ਜੀ ਵਿਖੇ ਪਹੁੰਚਾਇਆ। ਇਸ ਤਰ੍ਹਾਂ ਭਾਦੋਂ ਸੁਦੀ ਏਕਮ 1661 ਬਿ. 16 ਅਗਸਤ 1604 ਈ. (ਨਾਨਕਸ਼ਾਹੀ ਜੰਤਰੀ ਅਨੁਸਾਰ 17 ਭਾਦੋਂ) ਨੂੰ ਗ੍ਰੰਥ ਜੀ ਦਾ ਪ੍ਰਕਾਸ਼ ਹਰਿਮੰਦਰ ਜੀ ਵਿਖੇ ਕੀਤਾ ਗਿਆ। ਬਾਬਾ ਬੁੱਢਾ ਜੀ ਨੇ ਮੁੱਖ ਵਾਕ ਲਿਆ ਜਦਕਿ ਗੁਰੂ ਅਰਜਨ ਸਾਹਿਬ ਪਿੱਛੇ ਖੜ੍ਹੇ ਚੌਰ ਕਰਦੇ ਰਹੇ। ਉਸ ਵਕਤ ਦਾ ਮੁੱਖ ਵਾਕ ਸੀ–

**ਸੰਤਾ ਕੇ ਕਾਰਜ ਆਪਿ ਖਲੋਇਆ**

**ਹਰਿ ਕੰਮੁ ਕਰਾਵਣਿ ਆਇਆ ਰਾਮ ॥**(ਪੰਨਾ 783)

ਉਪ੍ਰੰਤ ਗੁਰੂ ਅਰਜਨ ਸਾਹਿਬ ਨੇ ਆਦੇਸ਼ ਦਿੱਤਾ ਕਿ ਦਿਨ ਵਕਤ 'ਗ੍ਰੰਥ' ਜੀ 'ਹਰਿਮੰਦਰ' ਜੀ ਵਿਖੇ ਬਿਰਾਜਮਾਨ ਹੋਣਗੇ ਜਦਕਿ ਰਾਤ ਨੂੰ 'ਰਹਰਾਸਿ' ਦੇ ਗਾਇਨ ਉਪ੍ਰੰਤ ਉਨ੍ਹਾਂ (ਗੁਰੂ ਸਾਹਿਬ) ਦੇ ਕਮਰੇ ਜੋ ਕਿ ਗੁਰੂ ਕੇ ਮਹਿਲ ਵਿੱਚ ਸੀ, ਵਿਸ਼ਰਾਮ ਵਾਸਤੇ ਲਿਜਾਇਆ ਜਾਵੇਗਾ। ਯੋਜਨਾ ਅਨੁਸਾਰ 'ਰਹਰਾਸਿ' ਦੇ ਉਪ੍ਰੰਤ ਬਾਬਾ ਬੁੱਢਾ ਜੀ ਨੇ ਅਰਦਾਸ ਕੀਤੀ ਤੇ 'ਗ੍ਰੰਥ' ਜੀ ਨੂੰ ਆਪਣੇ ਸਿਰ ਤੇ ਚੁੱਕ ਲਿਆ ਤੇ ਗੁਰੂ ਕੇ ਮਹਿਲ ਵੱਲ ਚੱਲ ਪਏ। ਗੁਰੂ ਸਾਹਿਬ ਤੇ ਬਾਕੀ ਸੰਗਤ ਉਨ੍ਹਾਂ ਦੇ ਪਿੱਛੇ-ਪਿੱਛੇ ਸ਼ਬਦ ਪੜ੍ਹਦੀ ਜਾ ਰਹੀ ਸੀ। ਗੁਰੂ ਕੇ ਮਹਿਲ ਪਹੁੰਚ ਕੇ, ਨਿਸ਼ਚਿਤ ਅਸਥਾਨ ਉੱਚ-ਆਸਨ 'ਤੇ ਗ੍ਰੰਥ ਜੀ ਨੂੰ ਰੱਖਿਆ ਗਿਆ ਜਦਕਿ ਗੁਰੂ ਅਰਜਨ ਸਾਹਿਬ ਆਪ ਜ਼ਮੀਨ 'ਤੇ ਸੁੱਤੇ।


ਰੋਜ਼ਾਨਾ ਦਿਨ ਚੜ੍ਹਨ ਤੋਂ ਪਹਿਲਾਂ 'ਗ੍ਰੰਥ' ਜੀ ਨੂੰ ਪੂਰਨ ਸਨਮਾਨ ਨਾਲ 'ਹਰਿਮੰਦਰ' ਜੀ ਵਿਖੇ ਲਿਜਾ ਕੇ ਪ੍ਰਕਾਸ਼ ਕੀਤਾ ਜਾਂਦਾ ਤੇ ਸ਼ਾਮ ਨੂੰ ਵਿਸ਼ਰਾਮ ਲਈ ਗੁਰੂ ਕੇ ਮਹਿਲ ਲਿਜਾਇਆ ਜਾਂਦਾ। ਅੱਜ ਕੱਲ੍ਹ ਗ੍ਰੰਥ ਸਾਹਿਬ ਨੂੰ ਇਸੇ ਪਰੰਪਰਾ ਦੇ ਅਨੁਰੂਪ ਅਕਾਲ ਤਖਤ 'ਤੇ ਨਿਸ਼ਚਿਤ ਕਮਰੇ ਵਿੱਚ ਲਿਜਾਇਆ ਜਾਂਦਾ ਹੈ। ਜਦ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ 'ਆਦਿ ਗ੍ਰੰਥ' ਨੂੰ ਗੁਰਤਾ ਪ੍ਰਦਾਨ ਕੀਤੀ ਹੈ, ਸਿੱਖਾਂ ਵੱਲੋਂ ਇਸ ਨੂੰ ਉਹੀ ਸਨਮਾਨ ਦਿੱਤਾ ਜਾਂਦਾ ਹੈ ਜੋ 'ਗੁਰੂ' ਦਾ ਸੀ। ਹੁਣ ਸਿੱਖਾਂ ਲਈ ਉਪਾਸਨਾ ਦਾ ਕੇਂਦਰ ਇਹੀ ਹੈ। ਗੁਰਦੁਆਰਾ ਤਾਂ ਹੀ ਗੁਰਦੁਆਰਾ ਹੈ ਜੇਕਰ ਉਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਸੁਭਾਇਮਾਨ ਹਨ। ਗੁਰਦੁਆਰੇ ਦੀ ਇਮਾਰਤ ਵਿੱਚ ਮੂਰਤੀ ਪੂਜਾ ਦੀ ਕੋਈ ਥਾਂ ਨਹੀਂ। ਅੰਮ੍ਰਿਤ ਵੇਲੇ, ਪੂਰਨ ਸਤਿਕਾਰ ਨਾਲ ਗੁਰੂ ਗ੍ਰੰਥ ਸਾਹਿਬ ਜੀ ਦਾ ਉਚ ਆਸਣ 'ਤੇ, ਚੰਦੋਏ ਹੇਠ, ਕੀਮਤੀ ਤੇ ਸਵੱਛ ਪੁਸ਼ਾਕ ਪਹਿਨਾ ਕੇ ਪ੍ਰਕਾਸ਼ ਕੀਤਾ ਜਾਂਦਾ ਹੈ ਤੇ ਮੁੱਖ ਵਾਕ ਲਿਆ ਜਾਂਦਾ ਹੈ। ਸੰਗਤ ਗੁਰੂ ਸਾਹਿਬ ਦੀ ਹਾਜ਼ਰੀ ਵਿੱਚ ਇਕੱਤਰ ਹੁੰਦੀ ਹੈ। ਗ੍ਰੰਥੀ ਸਿੰਘ ਜਾਂ ਕੋਈ ਵੀ ਸਿੰਘ ਹਾਜ਼ਰ ਸੰਗਤ ਵਿੱਚ ਗੁਰੂ ਸਾਹਿਬ ਦੀ ਤਾਬਿਆ ਬੈਠ ਕੇ ਚੌਰ ਝੁਲਾਂਵਦਾ ਹੈ। ਰਾਗੀ ਸਿੰਘ ਕੀਰਤਨ ਕਰਦੇ ਰਹਿੰਦੇ ਹਨ। ਸੰਗਤ ਆਉਂਦੀ ਤੇ ਨਮਸਕਾਰ ਕਰਕੇ ਬੈਠਦੀ ਜਾਂਦੀ ਹੈ। ਕੀਰਤਨ ਦੀ ਸਮਾਪਤੀ ਉਪਰੰਤ ਸਾਰੀ ਹਾਜ਼ਰ ਸੰਗਤ ਹੱਥ ਜੋੜ ਕੇ ਗੁਰੂ ਸਾਹਿਬਾਨ ਸਾਹਮਣੇ ਖੜ੍ਹ ਜਾਂਦੀ ਹੈ। ਗ੍ਰੰਥੀ ਸਿੰਘ ਜਾਂ ਸੰਗਤ 'ਚੋਂ ਕੋਈ ਵੀ ਸਿੰਘ ਅਰਦਾਸ ਕਰਦਾ ਹੈ। ਫਿਰ ਹੁਕਮ ਲਿਆ ਜਾਂਦਾ ਹੈ ਤੇ ਸਾਰੀ ਸੰਗਤ ਆਪੋ ਆਪਣੇ ਕੰਮਾਂ-ਕਾਰਾਂ ਵਿੱਚ ਲੱਗ ਜਾਂਦੀ ਹੈ। ਸ਼ਾਮ ਨੂੰ ਰਹਰਾਸਿ ਦੇ ਗਾਇਨ ਉਪ੍ਰੰਤ ਸੁਖ-ਆਸਣ ਕਰਕੇ ਵਿਸ਼ਰਾਮ ਲਈ ਗੁਰੂ ਸਾਹਿਬ ਨੂੰ ਨਿਸ਼ਚਿਤ ਜਗ੍ਹਾ 'ਤੇ ਲਿਜਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਮੁਖੀ ਲਿਪੀ ਵਿੱਚ ਲਿਖਿਆ ਗਿਆ ਹੈ ਪਰ ਇਸ ਵਿੱਚ ਕੇਵਲ ਇਕ ਹੀ ਭਾਸ਼ਾ ਦੀ ਵਰਤੋਂ ਨਹੀਂ ਕੀਤੀ ਗਈ। ਗੁਰੂ ਸਾਹਿਬਾਨ ਦੇ ਜ਼ਿਆਦਾਤਰ ਸ਼ਬਦ 15ਵੀਂ, 16ਵੀਂ, ਤੇ 17ਵੀਂ ਸਦੀ ਦੀ ਪੰਜਾਬੀ ਭਾਸ਼ਾ ਵਿੱਚ ਹਨ। ਹਿੰਦੂ ਭਗਤਾਂ ਤੇ ਮੁਸਲਮਾਨ ਸੂਫੀਆਂ ਦੀਆਂ ਰਚਨਾਵਾਂ 'ਚ ਹਿੰਦੀ, ਮਰਾਠੀ, ਗੁਜਰਾਤੀ, ਫਾਰਸੀ, ਸੰਸਕ੍ਰਿਤ ਆਦਿ ਭਾਸ਼ਾਵਾਂ ਦੀ ਜ਼ਿਆਦਾ ਵਰਤੋਂ ਕੀਤੀ ਗਈ ਹੈ। ਕਈ ਵਿਦਵਾਨ ਗੁਰੂ ਗ੍ਰੰਥ ਸਾਹਿਬ ਜੀ ਦੀ ਭਾਸ਼ਾ ਨੂੰ 'ਸੰਤ ਭਾਸ਼ਾ' ਵੀ ਆਖਦੇ ਹਨ ਜੋ ਆਮ ਲੋਕਾਂ ਦੀ ਬੋਲੀ ਦੇ ਕਾਫੀ ਨੇੜੇ ਸੀ।

ਨਿਰਸੰਦੇਹ, ਗੁਰੂ ਗ੍ਰੰਥ ਸਾਹਿਬ ਜੀ ਦਾ ਵਿਸ਼ਾ ਅਧਿਆਤਮਕ ਹੈ ਪਰ ਇਸ ਦੀ ਇਤਿਹਾਸਕ ਤੇ ਸਾਹਿਤਕ ਵਿਸ਼ੇਸ਼ਤਾ ਵੀ ਘੱਟ ਨਹੀਂ। ਬੇਸ਼ੱਕ ਇਸ ਵਿੱਚ ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਨਹੀਂ ਦਿੱਤੇ ਗਏ ਤੇ ਨਾ ਹੀ ਉਸ ਵਕਤ ਦੀ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਿਕ ਅਵਸਥਾ ਦਾ ਸਿੱਧਾ ਉਲੇਖ ਹੈ। ਫਿਰ ਵੀ ਇਸ ਦੇ ਡੂੰਘੇ ਤੇ ਸੁਚੇਤ ਅਧਿਐਨ ਤੋਂ 16ਵੀਂ ਤੇ 17ਵੀਂ ਸਦੀ ਦੇ ਪੰਜਾਬੀ, ਭਾਰਤੀ ਸਮਾਜ ਦੀਆਂ ਸਮਾਜਿਕ, ਧਾਰਮਿਕ ਰਾਜਨੀਤਿਕ ਤੇ ਆਰਥਿਕ ਪ੍ਰਸਥਿਤੀਆਂ ਦਾ ਭਰਪੂਰ ਗਿਆਨ ਪ੍ਰਾਪਤ ਹੁੰਦਾ ਹੈ। ਸਾਹਿਤਕ ਤੇ ਸੰਗੀਤ ਕਲਾ ਦੇ ਪੱਖ ਤੋਂ ਵੀ ਇਹ ਆਪਣੇ ਆਪ ਵਿੱਚ ਇਕ ਸਰਵ-ਉੱਚ ਕਲਾ-ਕ੍ਰਿਤੀ ਹੈ। ਇਸ ਤੋਂ ਇਲਾਵਾ ਇਸ ਦਾ ਵਿਸ਼ਵ-ਵਿਆਪੀ ਸਰੂਪ, ਇਸ ਨੂੰ ਸੰਸਾਰ ਦੇ ਮਹਾਨ ਧਾਰਮਿਕ ਗ੍ਰੰਥਾਂ ਵਿੱਚੋਂ ਸ੍ਰੇਸ਼ਟਤਾ ਪ੍ਰਦਾਨ ਕਰਦਾ ਹੈ।

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

# ਸਾਰਾਗੜ੍ਹੀ ਦੇ 21 ਸਿੱਖ ਸ਼ਹੀਦ - ਫਰਜ਼ ਲਈ ਕੁਰਬਾਨੀ ਦੀ ਅਦੁੱਤੀ ਮਿਸਾਲ




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅ.ਫਸਰ**
**(ਸੇਵਾ ਮੁਕਤ)**
**ਸਹਿ-ਸੰਪਾਦਕ**
**98141-28181**



ਮਹਾਰਾਜਾ ਰਣਜੀਤ ਸਿੰਘ ਦੀ ਸੰਨ 1839 ਈ. ਵਿਚ ਹੋਈ ਮੌਤ ਤੋਂ ਬਾਅਦ ਸਿਰਫ਼ 10 ਸਾਲ ਦੇ ਅਰਸੇ ਦੇ ਅੰਦਰ–ਅੰਦਰ ਰਾਜ ਘਰਾਣੇ ਵਿਚ ਵੜੇ ਦੋਖੀਆਂ ਦੀਆਂ ਸਿੱਖ ਜਰਨੈਲਾਂ, ਰਾਜਕੁਮਾਰਾਂ ਅਤੇ ਮਹਾਰਾਣੀ ਜਿੰਦਾਂ ਸਮੇਤ ਸਾਰਿਆਂ ਨੂੰ ਤਖ਼ਤ ਤੇ ਬਿਠਾਉਣ ਦੀਆਂ ਕੋਝੀਆਂ ਚਾਲਾਂ ਜਾਂ ਇਹਨਾਂ ਵਿਚੋਂ ਵਾਰੋ–ਵਾਰੀ ਸਾਰਿਆਂ ਨੂੰ ਤਖ਼ਤ ਤੇ ਬੈਠਣ ਤੋਂ ਰੋਕਣ ਲਈ ਚਲੀਆਂ ਘਿਨਾਉਣੀਆਂ ਚਾਲਾਂ ਦਾ ਨਤੀਜਾ ਇਹ ਹੋਇਆ ਕਿ ਸਿਰਲੱਥ ਸਿੱਖ ਸੂਰਮਿਆਂ ਦੀ ਖ਼ਾਲਸਾ ਫੌਜ ਹੋਣ ਦੇ ਬਾਵਜੂਦ ਵੀ ਅੰਗਰੇਜ਼ਾਂ ਨੇ ਸੰਨ 1849 ਵਿਚ ਪੰਜਾਬ ਉੱਤੇ ਸੰਪੂਰਨ ਕਬਜ਼ਾ ਕਰਕੇ ਉਸ ਨੂੰ ਆਪਣੇ ਰਾਜ ਵਿਚ ਮਿਲਾ ਲਿਆ। ਸਤਲੁਜ ਦਰਿਆ ਤੋਂ ਲੈ ਕੇ ਕਸ਼ਮੀਰ ਤੇ ਪਿਸ਼ਾਵਰ ਤੱਕ ਫੈਲਿਆ ਖ਼ਾਲਸਾ ਰਾਜ ਅੰਗਰੇਜ਼ ਹਕੂਮਤ ਵਿਚ ਮਿਲਾ ਲਿਆ ਗਿਆ।

ਇਕੱਠੇ ਭਾਰਤ ਵਿਚ ਭਾਵ ਅਜ਼ਾਦੀ ਮਿਲਣ ਤੱਕ ਦੇਸ਼ ਦੇ ਪੂਰਬੀ ਤੇ ਪੱਛਮੀ ਕਿਨਾਰਿਆਂ ਨੂੰ ਅੰਗਰੇਜ਼ ਰਾਜ ਵੇਲੇ ਹੀ NEFA (North East Frontier Agency) ਜਿਸ ਵਿਚ ਭਾਰਤ ਦੇ ਪੁਰਬਲੇ ਰਾਜ ਅਸਾਮ, ਮੇਘਾਲਿਆ, ਨਾਗਾਲੈਂਡ ਜੋ ਬਰਮਾ ਤੇ ਚੀਨ ਦੇ ਬਾਰਡਰ ਤੱਕ ਫੈਲਿਆ ਹੋਇਆ ਸੀ ਅਤੇ NWFA (North West Frontier Agency) ਜਿਸ ਵਿਚ ਮੌਜੂਦਾ ਪਾਕਿਸਤਾਨ ਦਾ ਅਫਗਾਨਿਸਤਾਨ ਨਾਲ ਲੱਗਦੀ ਸਰਹੱਦ ਦਾ ਮੁੱਖ ਇਲਾਕਾ ਸੀ, ਜਿਸ ਨੂੰ ਸੂਬਾ ਸਰਹੱਦ ਵੀ ਕਿਹਾ ਜਾਂਦਾ ਸੀ, ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਸਾਡੇ ਬਚਪਨ ਵਿਚ ਜਦੋਂ ਭਾਰਤੀ ਫੌਜ ਵਿਚ ਨੌਕਰੀ ਕਰਦੇ ਜਾਂ ਕੇਂਦਰੀ ਸੁਰੱਖਿਆ ਬੱਲਾਂ ਵਿਚ ਕੋਈ ਨੌਕਰੀ ਕਰਦਾ ਕੋਈ ਜਵਾਨ ਜਾਂ ਅਫ਼ਸਰ ਦੇਸ਼ ਦੀ ਪੂਰਬੀ ਸਰਹੱਦ ਉੱਤੇ ਤੈਨਾਤ ਹੁੰਦਾ ਸੀ ਤਾਂ ਆਮ ਕਿਹਾ ਜਾਂਦਾ ਸੀ ਫਲਾਣਾ ਸਿੰਘ ਨੇਫਾ ਦੇ ਬਾਰਡਰ ਤੇ ਤੈਨਾਤ ਹੈ।

ਅੰਗਰੇਜ਼ਾਂ ਨੂੰ ਇਹ ਭਲੀ ਭਾਂਤ ਪਤਾ ਸੀ ਕਿ ਸਿੱਖ ਇਕ ਬਹਾਦਰ ਅਤੇ ਲੜਾਕੂ ਕੌਮ ਹੈ ਜਿਸ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਕਈ ਜਿੱਤਾਂ ਜਿੱਤੀਆਂ ਤੇ ਖ਼ਾਲਸਾ ਰਾਜ ਦਾ ਕਾਫੀ ਵਿਸਥਾਰ ਕੀਤਾ ਸੀ ਇਸੇ ਕਾਰਨ ਮਹਾਰਾਜਾ ਰਣਜੀਤ ਸਿੰਘ ਦੀ ਸਿੱਖ ਫੌਜ ਦੀ ਤਾਕਤ ਨੂੰ ਜਾਣਦੇ ਹੋਏ ਹੀ ਅੰਗਰੇਜ਼ਾਂ ਨੇ ਮਹਾਰਾਜਾ ਨਾਲ ਰੋਪੜ ਦੀ ਸੰਧੀ ਕੀਤੀ ਸੀ। ਜਿਸ ਅਨੁਸਾਰ ਅੰਗਰੇਜ਼ਾਂ ਨੇ ਮੰਨਿਆ ਕਿ ਉਹ ਸਤਲੁਜ ਦੇ ਏਧਰ ਵਾਲੇ ਇਲਾਕੇ ਵਿਚ ਨਹੀਂ ਆਉਣਗੇ ਤੇ ਮਹਾਰਾਜੇ ਦੀਆਂ ਫੌਜਾਂ ਸਤਲੁਜ ਦਰਿਆ ਤੋਂ ਅੰਗਰੇਜ਼ੀ ਸਾਮਰਾਜ ਵੱਲ ਹਮਲਾ ਨਹੀਂ ਕਰਨਗੀਆਂ। ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰਨ ਉਪਰੰਤ ਸਿੱਖ ਕੌਮ ਵਿਚੋਂ ਅਣਖੀਲੇ ਗੱਭਰੂਆਂ ਦੀ ਭਰਤੀ ਕਰਕੇ ਫੌਜ ਵਿਚ ਸਿੱਖ ਰੈਜਮੈਂਟਾਂ ਬਣਾਈਆਂ। ਇਨ੍ਹਾਂ ਵਿਚੋਂ ਇਕ 36 ਸਿੱਖ ਰੈਜਮੈਂਟ ਵੀ ਖੜ੍ਹੀ ਕੀਤੀ ਗਈ ਜੋ ਕਿ ਬਾਅਦ ਵਿਚ 4 ਸਿੱਖ ਰੈਜਮੈਂਟ ਬਣੀ। ਸੂਬਾ ਸਰਹੱਦ ਤੇ ਲਾਕਹਾਰਟ ਤੇ ਗਿਲਿਸਤਾਨ




ਕਿਲ੍ਹਿਆਂ ਦੇ ਵਿਚਕਾਰ ਛੋਟੀ ਜਿਹੀ ਕਿਲ੍ਹਾਨੁਮਾ ਜਗ੍ਹਾ ਦਾ ਨਾਮ ਸਾਰਾਗੜ੍ਹੀ ਸੀ। ਇਥੇ 36 ਸਿੱਖ ਰੈਜਮੈਂਟ ਦੀ ਇਕ ਪਲਟੂਨ ਹਵਾਲਦਾਰ ਈਸ਼ਰ ਸਿੰਘ ਦੀ ਅਗਵਾਈ ਵਿਚ ਤੈਨਾਤ ਸੀ। ਅੰਗਰੇਜ਼ ਫੌਜਾਂ ਅਤੇ ਅਫਗਾਨ ਪਸ਼ਤੂਨ ਕਬਾਇਲੀਆਂ ਵਿਚ ਇਹਨਾਂ ਦੋਨਾਂ ਕਿਲ੍ਹਿਆਂ ਤੇ ਕਬਜ਼ਾ ਕਰਨ ਲਈ ਜਦੋ ਜਹਿਦ ਚੱਲਦੀ ਰਹਿੰਦੀ ਸੀ। ਇਕ ਦਿਨ ਜਦੋਂ ਸਾਰਾਗੜ੍ਹੀ ਵਿਚ 36 ਸਿੱਖ ਰੈਜਮੈਂਟ ਦੀ ਇਕ ਪਲਾਟੂਨ ਦੇ ਸਿਰਫ਼ 21 ਸਿਪਾਹੀ ਤੈਨਾਤ ਸਨ ਤਾਂ ਪਸ਼ਤੂਨ ਅਫਗਾਨੀ ਕਬਾਇਲੀਆਂ ਨੇ, ਜਿਨ੍ਹਾਂ ਦੀ ਗਿਣਤੀ 10,000 ਤੋਂ ਵੀ ਉੱਪਰ ਸੀ 12 ਸਤੰਬਰ 1897 ਨੂੰ ਸਾਰਾਗੜ੍ਹੀ ਤੇ ਹਮਲਾ ਕਰ ਦਿੱਤਾ। ਪਲਟੂਨ ਇੰਚਾਰਜ ਹਵਾਲਦਾਰ ਈਸ਼ਰ ਸਿੰਘ ਨੇ ਪਸ਼ਤੂਨ ਕਬਾਇਲੀਆਂ ਦੇ ਅੱਗੇ ਵੱਧਣ ਦੀ ਖ਼ਬਰ ਆਪਣੇ ਉੱਚ ਅਧਿਕਾਰੀਆਂ ਨੂੰ ਭੇਜ ਦਿੱਤੀ ਸੀ ਪਰ ਉਨ੍ਹਾਂ ਨੇ ਥੋੜ੍ਹੇ ਸਮੇਂ ਵਿਚ ਫੌਜੀ ਸਹਾਇਤਾ ਭੇਜਣ ਤੋਂ ਅਸਮਰਥਾ ਜਾਹਿਰ ਕੀਤੀ ਤੇ ਹੁਕਮ ਕੀਤਾ ਕਿ ਹਾਲਾਤ ਅਨੁਸਾਰ ਉਹ ਖੁਦ ਫੈਸਲਾ ਲੈਣ। ਹਵਾਲਦਾਰ ਈਸ਼ਰ ਸਿੰਘ ਅਤੇ ਉਸ ਦੇ 21 ਸਾਥੀਆਂ ਨੇ ਗੜ੍ਹੀ ਵਿਚ ਡੱਟ ਤੇ ਪਸ਼ਤੂਨ ਕਬਾਇਲੀਆਂ ਨਾਲ ਆਖਰੀ ਸਾਹ ਤੱਕ ਲੋਹਾ ਲੈਣ ਦਾ ਪ੍ਰਣ ਲਿਆ ਅਤੇ ਸਾਰਾਗੜ੍ਹੀ ਦੀ ਰੱਖਿਆ ਲਈ ਡੱਟ ਗਏ। ਦੁਨੀਆਂ ਦੀਆਂ ਜੰਗਾਂ ਵਿਚ ਅਜਿਹੀ ਅਸਾਵੀਂ ਜੰਗ ਪਹਿਲਾਂ ਕਦੇ ਵੀ ਨਹੀਂ ਹੋਈ ਸੀ। ਇਕ ਪਾਸੇ 10,000 ਤੋਂ ਵੱਧ ਕਬਾਇਲੀ ਅਫਗਾਨੀ ਤੇ ਦੂਜੇ ਪਾਸੇ ਸਿਰ 21 ਸਿਰਲੱਥ ਸਿੱਖ ਸੂਰਮੇ। ਘਮਸਾਨ ਦੀ ਜੰਗ ਹੋਈ। ਸਿਰਫ਼ 21 ਸਿੱਖ ਸੈਨਿਕਾਂ ਨੇ ਕਬਾਇਲੀਆਂ ਦੇ 600 ਤੋਂ ਵੱਧ ਸਿਪਾਹੀ ਜਾਂ ਤਾਂ ਮੌਤ ਦੇ ਘਾਟ ਉਤਾਰ ਦਿੱਤੇ ਜਾਂ ਗੰਭੀਰ ਰੂਪ ਵਿਚ ਜ਼ਖ਼ਮੀ ਕੀਤੇ। ਕੁਰਬਾਨੀ ਅਤੇ ਆਪਣੇ ਫਰਜ਼ ਦੀ ਪੂਰਤੀ ਲਈ ਇਨ੍ਹਾਂ ਸਿੱਖ ਸੂਰਮਿਆਂ ਨੇ ਜੋ ਲਾਸਾਨੀ ਬਹਾਦਰੀ ਦਿਖਾਈ ਉਸ ਦੀ ਮਿਸਾਲ ਅੱਜ ਤੱਕ ਕਿਤੇ ਵੀ ਨਹੀਂ ਮਿਲਦੀ। ਸੈਨਾ ਦੇ ਉੱਚ ਅਧਿਕਾਰੀਆਂ ਨੂੰ ਜਦੋਂ ਇਸ ਜੰਗ ਦਾ ਪਤਾ ਚੱਲਿਆ ਤਾਂ ਉਹ ਦੰਦਾਂ ਹੇਠ ਉਂਗਲੀ ਦੇ ਕੇ ਰਹਿ ਗਏ। ਲੰਡਨ ਵਿਚ ਪਾਰਲੀਮੈਂਟ ਦੇ ਚੱਲ ਰਹੇ ਇਜਲਾਸ ਵਿਚ ਇਸ ਦਾ ਜ਼ਿਕਰ ਕੀਤਾ ਗਿਆ ਅਤੇ ਸਮੁੱਚੇ ਪਾਰਲੀਮੈਂਟ ਨੇ ਇਨ੍ਹਾਂ ਸਿਰਲੱਥ ਸੂਰਬੀਰ, ਸਿੱਖ ਸ਼ਹੀਦਾਂ ਨੂੰ ਖੜ੍ਹੇ ਹੋ ਕੇ ਸ਼ਰਧਾਂਜਲੀ ਦਿੱਤੀ ਅਤੇ ਸਲਾਮ ਕੀਤਾ। ਅੰਗਰੇਜ਼ ਸਰਕਾਰ ਵੱਲੋਂ ਇਨ੍ਹਾਂ ਸਾਰੇ ਯੋਧਿਆਂ ਨੂੰ ਉਸ ਵੇਲੇ ਦੇ ਸਭ ਤੋਂ ਵੱਡੇ ਫੌਜੀ ਸਨਮਾਨ ਇੰਡੀਅਨ ਆਰਡਰ ਆਫ਼ ਮੈਰਿਟ ਨਾਲ ਸਨਮਾਨਿਆ ਗਿਆ ਜੋ ਕਿ ਭਾਰਤੀ ਪਰਮਵੀਰ ਚੱਕਰ ਦੇ ਬਰਾਬਰ ਹੁੰਦਾ ਹੈ। ਬੜੇ ਦੁੱਖ ਦੀ ਗੱਲ ਹੈ ਕਿ ਇਸ ਲੜਾਈ ਬਾਰੇ ਕਈ ਵਿਦੇਸ਼ੀ ਦੇਸ਼ਾਂ ਵਿਚ ਜ਼ਿਕਰ ਵਾਰ-ਵਾਰ ਹੋਇਆ ਹੈ ਪ੍ਰੰਤੂ ਸਾਡੇ ਆਪਣੇ ਦੇਸ਼ ਜਾਂ ਰਾਜ ਵਿਚ ਇਸ ਮਹਾਨ ਲੜਾਈ ਦਾ ਜ਼ਿਕਰ ਬਹੁਤ ਘੱਟ ਹੋਇਆ ਹੈ। ਇਸ ਦਾ ਮੁੱਖ ਕਾਰਨ ਸਿਰਫ਼ ਇਹ ਹੋ ਸਕਦਾ ਹੈ ਕਿ ਇਹ ਲੜਾਈ ਅੰਗਰੇਜ਼ਾਂ ਲਈ ਲੜੀ ਗਈ ਸੀ। ਪ੍ਰੰਤੂ ਬਹਾਦਰੀ, ਸਾਹਸ ਅਤੇ ਮਿਲੀ ਡਿਊਟੀ ਨੂੰ ਸਹੀ ਅਤੇ ਵਫ਼ਾਦਾਰੀ ਨਾਲ ਸਿਰੇ ਚੜ੍ਹਾਉਣ ਦੀ ਅਜਿਹੀ ਮਿਸਾਲ ਇਤਿਹਾਸ ਵਿਚ ਹੋਰ ਕਿਤੇ ਵੀ ਨਹੀਂ ਮਿਲਦੀ।

ਹਰ ਸਾਲ 12 ਸਤੰਬਰ ਨੂੰ ਸਾਰਾਗੜ੍ਹੀ ਦਿਵਸ ਮਨਾਇਆ ਜਾਂਦਾ ਹੈ। ਅੰਮ੍ਰਿਤਸਰ ਅਤੇ ਫਿਰੋਜ਼ਪੁਰ ਸ਼ਹਿਰਾਂ ਵਿਚ ਸਾਰਾਗੜ੍ਹੀ ਦੀ ਜੰਗ ਦੀ ਯਾਦ ਵਿਚ ਯਾਦਗਾਰਾਂ ਬਣੀਆਂ ਹੋਈਆਂ ਹਨ। ਬਾਲੀਵੁੱਡ ਵੱਲੋਂ ਇਸ ਮਹਾਨ ਘਟਨਾ ਤੇ ਕਈ ਫ਼ਿਲਮਾਂ ਵੀ ਬਣ ਕੇ ਤਿਆਰ ਹੋ ਚੁੱਕੀਆਂ ਹਨ।

# ਗੁਰਦੁਆਰਾ ਕੰਧ ਸਾਹਿਬ ਤੇ ਡੇਹਰਾ ਸਾਹਿਬ ਦਾ ਇਤਿਹਾਸ



ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ ਸ਼ਹਿਰ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਨਾਲ ਸਬੰਧਤ ਗੁਰਦੁਆਰਾ ਸ੍ਰੀ ਕੰਧ ਸਾਹਿਬ ਤੇ ਡੇਹਰਾ ਸਾਹਿਬ ਜੀ ਮੌਜੂਦ ਹਨ। ਗੁਰੂ ਨਾਨਕ ਦੇਵ ਜੀ ਵੱਲੋਂ ਵਰਸੋਈ ਕੰਧ ਜੋ ਕੇ ਅੱਜ ਵੀ ਗੁਰੂ ਜੀ ਦੀ ਬਖਸ਼ਿਸ਼ ਸਦਕਾ ਕਾਇਮ ਖੜ੍ਹੀ ਹੈ।

**ਗੁਰਦੁਆਰਾ ਕੰਧ ਸਾਹਿਬ** - ਬਟਾਲਾ ਸ਼ਹਿਰ ਪੰਜਾਬ ਦੇ ਮਸ਼ਹੂਰ ਸ਼ਹਿਰਾਂ ਵਿਚੋਂ ਇੱਕ ਹੈ, ਜਿਸ ਨਾਲ ਕਈ ਸਿੱਖੀ ਇਤਿਹਾਸ ਸਬੰਧਤ ਹਨ। ਬਟਾਲਾ ਦਾ ਸਿੱਖ ਇਤਿਹਾਸ ਵਿਚ ਵੀ ਇਕ ਵਿਸ਼ੇਸ਼ ਸਥਾਨ ਹੈ। ਇਥੇ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਹੁਰੇ ਵੀ ਸਨ ਅਤੇ ਗੁਰੂ ਜੀ ਦੀ ਧਰਮ ਸੁਪਤਨੀ ਮਾਤਾ ਸੁਲੱਖਣੀ ਦਾ ਪੇਕਾ ਸ਼ਹਿਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਸਬੰਧਤ ਕਈ ਇਤਿਹਾਸਕ ਸਥਾਨ ਬਟਾਲਾ ਸ਼ਹਿਰ ਵਿਚ ਮੌਜੂਦ ਹਨ। ਇਨ੍ਹਾਂ ਥਾਵਾਂ ਵਿਚ ਗੁਰਦੁਆਰਾ ਸ੍ਰੀ ਕੰਧ ਸਾਹਿਬ ਅਤੇ ਗੁਰਦੁਆਰਾ ਡੇਹਰਾ ਸਾਹਿਬ ਸ਼ਾਮਲ ਹਨ।

ਸੰਨ 1487 ਈ. ਵਿਚ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਜੰਞ/ਬਰਾਤ ਲੈ ਕੇ ਆਪਣੇ ਸਹੁਰੇ ਪਰਿਵਾਰ ਦੇ ਘਰ ਪਹੁੰਚੇ ਸੀ ਤਾਂ ਬਰਾਤ ਦੇ ਸਵਾਗਤ ਲਈ ਘਰ ਤੋਂ ਬਾਹਰ ਹੀ ਪ੍ਰਬੰਧ ਕੀਤਾ ਗਿਆ ਹੈ। ਇਸ ਦੌਰਾਨ ਜੰਞ ਸਮੇਤ ਗੁਰੂ ਨਾਨਕ ਦੇਵ ਜੀ ਇਕ ਪਲੰਘ 'ਤੇ ਇੱਕ ਕੰਧ ਦੇ ਨੇੜੇ ਬੈਠੇ ਸੀ। ਮੀਂਹ ਦਾ ਮੌਸਮ ਹੋਣ ਕਾਰਨ ਇਲਾਕੇ ਦੀਆਂ ਕੁਝ ਕੁੜੀਆਂ ਨੇ ਸ਼ਰਾਰਤ ਕਰਦੇ ਹੋਏ ਇਸ ਕੰਧ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਉੱਤੇ ਸੁੱਟਣ ਦੀ ਵਿਉਂਤਬੰਦੀ ਬਣਾਈ। ਇਸ ਦੀ ਭਣਕ ਇਕ ਬਜ਼ੁਰਗ ਔਰਤ ਨੂੰ ਲੱਗੀ ਤਾਂ ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਕੰਧ ਤੋਂ ਦੂਰ ਹੱਟ ਜਾਣ ਦੀ ਸਲਾਹ ਦਿੱਤੀ। ਬਜ਼ੁਰਗ ਵੱਲੋਂ ਦਿੱਤੀ ਇਸ ਸਲਾਹ 'ਤੇ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਇਹ ਕੰਧ ਕਦੇ ਵੀ ਨਹੀਂ ਡਿੱਗੇਗੀ ਤੇ ਹਮੇਸ਼ਾ ਇਸੇ ਤਰ੍ਹਾਂ ਹੀ ਮੌਜੂਦ ਰਹੇਗੀ।


**ਮਹਿੰਦਰ ਸਿੰਘ**
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535




ਮੌਜੂਦਾ ਸਮੇਂ ਵਿਚ ਵੀ ਗੁਰਦੁਆਰਾ ਸ੍ਰੀ ਕੰਧ ਸਾਹਿਬ ਵਿਚ ਇਹ ਕੰਧ ਇਸੇ ਤਰ੍ਹਾਂ ਹੀ ਮੌਜੂਦ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੀ ਨਿਸ਼ਾਨੀ ਵਜੋਂ ਅੱਜ ਵੀ ਸੰਗਤ ਇਸ ਕੰਧ ਦੇ ਦਰਸ਼ਨ ਕਰਨ ਆਉਂਦੀਆਂ ਹਨ।

**ਗੁਰਦੁਆਰਾ ਡੇਹਰਾ ਸਾਹਿਬ ਦਾ ਇਤਿਹਾਸ** - ਗੁਰਦੁਆਰਾ ਡੇਹਰਾ ਸਾਹਿਬ ਦਾ ਇਤਿਹਾਸ ਬੀਬੀ ਸੁਲੱਖਣੀ ਜੀ ਨਾਲ ਸਬੰਧਤ ਹੈ। ਇਹ ਬੀਬੀ ਸੁਲੱਖਣੀ ਜੀ ਦਾ ਘਰ ਹੈ। ਇਸ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਅਤੇ ਬੀਬੀ ਸੁਲੱਖਣੀ ਜੀ ਦੇ ਅਨੰਦ ਕਾਰਜ ਹੋਏ ਸੀ। ਇਤਿਹਾਸਕਾਰ ਦੱਸਦੇ ਹਨ ਕਿ ਗੁਰੂ ਨਾਨਕ




ਦੇਵ ਜੀ ਨੇ ਰਿਵਾਇਤੀ ਢੰਗ ਨਾਲ ਫੇਰੇ ਲੈਣ ਤੋਂ ਮਨ੍ਹਾਂ ਕਰ ਦਿੱਤਾ ਸੀ। ਉਨ੍ਹਾਂ ਨੇ ਆਪਣਾ ਵਿਆਹ ਕਾਰਜ ਗੁਰੂ ਸ਼ਬਦ ਦੀ ਓਟ ਆਸਰਾ ਲੈ ਕੇ ਕਰਨ ਦੀ ਗੱਲ ਆਖੀ ਜਿਸ ਤੋਂ ਬਾਅਦ ਇਕ ਪੋਥੀ ਦੁਆਲੇ ਪਰਿਕਰਮਾ ਕਰਕੇ ਉਨ੍ਹਾਂ ਨੇ ਆਪਣਾ ਵਿਆਹ ਕਾਰਜ ਸੰਪੰਨ ਕਰਵਾਇਆ। ਅੱਜ ਵੀ ਸੰਗਤ ਦੂਰੋਂ-ਦੂਰੋਂ ਇਨ੍ਹਾਂ ਦੋਹਾਂ ਧਾਰਮਿਕ ਥਾਵਾਂ ਦੇ ਦਰਸ਼ਨ ਲਈ ਪਹੁੰਚਦੀਆਂ ਹਨ। ਇਸ ਥਾਂ 'ਤੇ ਇਕ ਅਜਾਇਬ ਘਰ ਵੀ ਮੌਜੂਦ ਹੈ, ਜੋ ਕਿ ਸੰਗਤ ਨੂੰ ਇਤਿਹਾਸ ਤੋਂ ਜਾਣੂੰ ਕਰਵਾਉਂਦਾ ਹੈ। ਹਰ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਵੀ ਬਹੁਤ ਸ਼ਰਧਾ ਭਾਵਨਾ ਨਾਲ ਇਥੇ ਮਨਾਇਆ ਜਾਂਦਾ ਹੈ।

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਦੁਆਬੇ ਤੇ ਮਨੌਰ ਦੀ ਲੁਬਾਣਾ ਬਰਾਦਰੀ ਦਾ ਸਮਝੌਤਾ

ਇਕ ਗੱਲ ਇਥੇ ਦੱਸਣਯੋਗ ਹੈ ਕਿ ਬਾਹਰ ਫੌਜਾਂ ਵਿਚ ਮਨੌਰ ਤੇ ਦੁਆਬੇ ਦੇ ਸਰਦਾਰ ਆਪਸ ਵਿਚ ਝਗੜਦੇ ਰਹਿੰਦੇ ਸਨ। ਜਦੋਂ ਇਹ ਪਿੰਡਾਂ ਵਿਚ ਆ ਗਏ ਤਾਂ ਇਥੇ ਭੀ ਫੌਜਾਂ ਦੇ ਝਗੜਿਆਂ ਦੇ ਆਧਾਰ ਉੱਤੇ ਭੀ ਅਤੇ ਕੁੱਝ ਮਨੌਰ ਦੇ ਕਿਸੇ ਸਰਦਾਰ ਵੱਲੋਂ ਦੁਆਬੇ ਦੀ ਲੁਬਾਣਾ ਬਰਾਦਰੀ ਦੇ ਸੰਬੰਧ ਵਿਚ ਮਾੜੇ ਸ਼ਬਦ, ਮਾੜੀ ਬੋਲੀ ਦੇ ਕਾਰਣ ਦੁਆਬੇ ਦੇ ਸਰਦਾਰਾਂ, ਜਿਨ੍ਹਾਂ ਦੇ ਮੋਢੀ ਲਫਟੈਨ ਲੈਹਣਾ ਸਿੰਘ ਗਾਲੋਵਾਲੀਏ ਸਨ, ਇਕ ਕਮੇਟੀ ਬਣਾ ਕੇ ਫੈਸਲਾ ਕੀਤਾ ਕਿ ਕਾਲਰ ਮਨੌਰ ਦੀ ਲੁਬਾਣਾ ਬਰਾਦਰੀ ਨਾਲ ਕੋਈ ਰਿਸ਼ਤਾ ਨਾ ਕੀਤਾ ਜਾਵੇ। ਜਿਹੜੇ ਰਿਸ਼ਤੇ ਹੋਏ ਹਨ, ਉਹ ਭੀ ਵਾਪਸ ਕੀਤੇ ਜਾਣ, ਨਾ ਲੜਕੀ ਦਾ ਨਾ ਕਿਸੇ ਲੜਕੇ ਦਾ ਰਿਸ਼ਤਾ ਹੋਵੇ। ਜਿਹੜਾ ਕਰੇਗਾ ਉਸ ਨੂੰ ਬਰਾਦਰੀ ਵਿਚੋਂ ਛੇਕਿਆ ਜਾਵੇਗਾ। ਇਸ ਗੱਲ ਦਾ ਲਫਟੈਨ ਲੈਹਣਾ ਸਿੰਘ ਆਦਿ ਇਧਰ ਦੇ ਸਰਦਾਰਾਂ ਨੂੰ ਪਤਾ ਸੀ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਗਿਆਨੀ ਚੇਤ ਸਿੰਘ ਦਾ ਰਿਸ਼ਤਾ ਭਾਈ ਦੂਲਾ ਸਿੰਘ ਗਹੋਤਾ ਵਾਲਿਆਂ ਦੀ ਲੜਕੀ ਨਾਲ ਕੀਤਾ ਹੋਇਆ ਹੈ। ਇਨ੍ਹਾਂ ਗਹੋਤੀ ਚਿੱਠੀਆਂ ਭੇਜ ਦਿੱਤੀਆਂ ਕਿ ਤੁਸੀਂ ਆਪਣੀ ਲੜਕੀ ਦੀ ਸ਼ਾਦੀ ਨਹੀਂ ਕਰਨੀ। ਜੇਕਰ ਕਰੋਗੇ ਤਾਂ ਬਰਾਦਰੀ ਵਿਚੋਂ ਤੁਹਾਨੂੰ ਛੇਕ ਦਿੱਤਾ ਜਾਵੇਗਾ। ਉਸ ਦਾ ਉੱਤਰ ਮਾਤਾ ਈਸ਼ਰ ਕੌਰ ਨੇ ਇਹ ਦਿੱਤਾ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਹੁਕਮ ਨਾਲ ਜਿਥੇ ਅਸੀਂ ਰਿਸ਼ਤਾ ਕੀਤਾ ਹੈ, ਉਥੇ ਹੀ ਰਹੇਗਾ। ਜਿਹੜੀ ਗੱਲ ਤੁਸੀਂ ਕਹਿੰਦੇ ਹੋ ਜੇਕਰ ਤੁਸੀਂ ਬਰਾਤ ਮੰਗਵਾਈ ਤਾਂ ਬਰਾਤ ਵਾਪਸ ਕੀਤੀ ਜਾਵੇਗੀ ਤਾਂ ਅਸੀਂ ਆਪਣੀ ਬੱਚੀ ਦੀ ਸ਼ਾਦੀ ਉਥੇ ਹੀ ਕਰਾਂਗੇ, ਜਿਥੇ ਅਸੀਂ ਜ਼ਬਾਨ ਕੀਤੀ ਹੈ। ਸ਼ਾਦੀ ਭਾਵੇਂ ਸਾਨੂੰ ਅਕਾਲ ਤਖ਼ਤ ਸਾਹਿਬ ਜਾ ਕੇ ਨਾਂ ਕਰਨੀ ਪਵੇ। ਬੜਾ ਖੜਕਾ ਕੇ ਲੈਫਟੈਨ ਲੈਹਣਾ ਸਿੰਘ ਜੀ ਨੂੰ ਇਨ੍ਹਾਂ ਉੱਤਰ ਭੇਜਿਆ। ਇਸ ਸਾਰੀ ਗੱਲ ਦੀ ਖ਼ਬਰ ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਭੀ ਪੁੱਜੀ। ਉਨ੍ਹਾਂ ਦਾਸ ਨਾਲ ਗੱਲ ਕੀਤੀ। ਕਹਿਣ ਲੱਗੇ – ਕਿਸ ਤਰ੍ਹਾਂ ਕਰੀਏ? ਮੈਂ ਕਿਹਾ–ਜੀ ਰਿਸ਼ਤਾ ਤਾਂ ਹੋਰ ਜਿਥੇ ਭੀ ਤੁਸੀਂ ਚਾਹੋਗੇ ਉਥੇ ਹੋ ਜਾਵੇਗਾ, ਪਰ ਰਿਸ਼ਤਾ ਸਿਰੇ ਨਾ ਚੜ੍ਹੇ ਤਾਂ ਆਪ ਜੀ ਦੀ ਸ਼ਾਨ 'ਚ ਫ਼ਰਕ ਪਵੇਗਾ। ਇਸ ਸਾਰੀ ਗੱਲ ਨੂੰ ਸੋਚ ਕੇ ਆਪ ਜੀ ਨੇ 1929 ਈ. ਦੀ ਰੱਖੜ-ਪੁੰਨਿਆ ਤੇ ਇਕ ਦੁਾਬੇ ਅਤੇ ਮਨੌਰ ਕਾਲਰ ਦੇ ਸਰਦਾਰਾਂ ਦਾ ਇਕੱਠ ਬਾਬੇ ਬਕਾਲੇ ਸੱਦਿਆ। ਸਭ ਵੱਡੇ ਸਰਦਾਰ ਕਾਲਰ, ਮਨੌਰ ਤੇ ਦੁਆਬੇ ਦੇ ਇਕੱਠੇ ਹੋਏ। ਆਪਸ ਵਿਚ ਬੜੇ ਉੱਧਰ ਇੱਧਰ ਗਿਲ੍ਹੇ ਛੰਡੇ। ਮਹਾਂਪੁਰਸ਼ਾਂ ਨੇ ਕਿਹਾ ਕਿ ਟੁਟਦੇ ਟੁੱਟ ਜਾਵੋਗੇ ਅਤੇ ਵਾਪਸ ਦੀ ਖਿਚੋਤਾਣ ਕਰਕੇ ਹੋਰ ਦੂਰ-ਦੂਰ ਹੋ ਜਾਵੋਗੇ, ਕੁੱਝ ਸੋਚ ਕੋਲੋਂ ਕੰਮ ਲਵੋ। ਅਖ਼ੀਰ ਮਹਾਂਪੁਰਖਾਂ ਦਾ ਬਚਨ ਮੰਨ ਕੇ ਆਪਸ ਵਿਚ ਸਮਝੌਤਾ ਕਰ ਲਿਆ ਤੇ ਅੱਗੇ ਨੂੰ ਰਿਸ਼ਤਿਆਂ ਤੇ ਲਾਈ ਪਾਬੰਦੀ ਹਟਾ ਲਈ।

## ਦਾਸ ਦੀ ਸ਼ਾਦੀ

ਇਥੇ ਹੀ ਮਾਤਾ ਈਸ਼ਰ ਕੌਰ ਤੇ ਭਾਈ ਦੂਲਾ ਸਿੰਘ ਜੀ ਭੀ ਆਏ ਹੋਏ ਸਨ। ਉਨ੍ਹਾਂ ਨਾਲ ਸਲਾਹ ਕਰਕੇ ਅੱਸੂ ਦੇ ਪਹਿਲੇ ਨੌਰਾਤੇ ਦਾ ਵਿਆਹ ਮੁਕੱਰਰ ਕਰ ਦਿੱਤਾ। ਦਾਸ ਤਾਂ ਮਹਾਂਪੁਰਖਾਂ ਦੇ ਨਾਲ ਹੀ ਸੀ ਤੇ ਕੁੱਝ ਰਿਸ਼ਤੇਦਾਰ ਉਨ੍ਹਾਂ ਦੇ ਭੀ ਆਏ ਹੋਏ ਸਨ। ਸ਼ਾਦੀ ਦੀ ਤਰੀਕ ਸਾਰਿਆਂ ਨੂੰ ਦੱਸ ਦਿੱਤੀ ਤੇ ਨਿਯਤ ਤਰੀਕ ਤੇ ਅਸੀਂ ਬਰਾਤ ਲੈ ਕੇ ਬੱਸ ਤੇ ਗਹੋਤੀ ਪੁੱਜੇ। ਮਹਾਂਪੁਰਖ ਸਾਡੇ ਤੋਂ ਪਹਿਲੇ ਹੀ ਪੁੱਜੇ ਹੋਏ ਸਨ। ਆਪ ਜੀ ਨੇ ਆਪ ਕੀਰਤਨ ਕੀਤਾ। ਭਰੇ ਦੀਵਾਨ ਵਿਚ ਮਿਲਣੀ ਹੋ ਗਈ। ਸਵੇਰੇ ਆਪ ਜੀ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਅਤੇ ਲਾਵਾਂ ਵੀ ਮਹਾਂਪੁਰਖਾਂ ਨੇ ਆਪ ਹੀ ਪੜ੍ਹੀਆਂ। ਅੰਨਦ ਕਾਰਜ ਹੋ ਗਿਆ। ਬਰਾਤ ਨੂੰ ਰੋਟੀ ਭੀ ਆਪ ਜੀ ਨੇ ਆਪਣੀ ਹੱਥੀ ਖੁਆਈ। ਦੋ ਰਾਤਾਂ ਰਹਿ ਡੋਲਾ ਲੈ ਕੇ ਅਸੀਂ ਭਖੜੇ ਆਲੀ ਆ ਗਏ। ਮਹਾਂਪੁਰਖ ਮੁਰਾਲੇ ਪੁੱਜ ਗਏ। ਇਹ ਸਾਰੀ ਗੱਲ ਦਾਸ ਨੂੰ ਦੱਸਣ ਦੀ ਇਸ ਲਈ ਲੋੜ ਪਈ ਕਿ ਦਾਸ ਦੇ ਉੱਤੇ ਤਾਂ ਆਪ ਜੀ ਨੇ ਕਿਤਨੇ ਉਪਕਾਰ ਕੀਤੇ, ਮੈਨੂੰ ਤਾਂ ਜੀਵਨ ਹੀ ਆਪ ਨੇ ਦਿੱਤਾ। ਦੂਸਰਾ ਬਰਾਦਰੀ ਦੀ ਆਪਸ ਵਿਚ ਪਈ ਦੁਬਿਧਾ ਨੂੰ ਉਹ ਬਹੁਤ ਮਹਿਸੂਸ ਕਰਦੇ ਸਨ ਅਤੇ ਬਹੁਤ ਦੁਖ ਅਨੁਭਵ ਕਰਦੇ ਸਨ ਕਿ ਕਿਸ ਤਰ੍ਹਾਂ ਆਪਣੀਆਂ ਖੁਦਗਰਜ਼ੀਆਂ ਨੂੰ ਤੇ ਬੋਲ ਕੁਬੋਲ ਨੂੰ ਸਾਹਮਣੇ ਰੱਖ ਕੇ, ਸਾਰੀ ਬਰਾਦਰੀ ਨੂੰ ਮੂੰਹ ਅੱਗੇ ਰੱਖ ਕੇ ਆਪਣੇ-ਆਪਣੇ ਵੈਰ ਵਿਰੋਧ ਕੱਢਦੇ ਹਨ। ਮੈਂ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਹਮਦਰਦੀ ਅਤੇ ਪਿਆਰ ਨੂੰ ਵੇਖ ਕੇ ਹੈਰਾਨ ਸਾਂ, ਜਿਨ੍ਹਾਂ ਦੇ ਅੰਦਰ ਬਰਾਦਰੀ ਦੀ ਫੁਟ ਦਾ ਕਿਤਨਾ ਦੁੱਖ ਸੀ, ਜਿਸ ਨੂੰ ਆਪ ਨੇ ਉਚੇਚਾ ਇਕੱਠ ਬੁਲਾ ਕੇ ਦੋਹਾਂ ਪਾਸਿਆਂ ਦੇ ਸੰਬੰਧਤ ਸਰਦਾਰਾਂ ਨੂੰ ਸਮਝਾ ਕੇ ਦੂਰ ਕੀਤਾ। ਜੇਕਰ ਇਨ੍ਹਾਂ ਦਾ ਸਮਝੌਤਾ ਨਾ ਕਰਾਂਦੇ ਤਾਂ ਕਈ ਝਗੜੇ ਵਧਦੇ ਤੇ ਆਪਸ ਵਿਚ ਮਿਲ ਬੈਠਣ ਜੋਗੇ ਨਾ ਰਹਿੰਦੇ, ਕਈ ਰਿਸ਼ਤੇ ਇੱਧਰ ਉੱਧਰ ਹੋਏ ਭੀ ਟੁੱਟ ਜਾਂਦੇ। ਪਰਉਪਕਾਰੀ ਮਹਾਂਪੁਰਖਾਂ ਨੇ ਆਪਸ ਵਿਚ ਵਧਦੀ ਦੁਬਿਧਾ ਦੂਰ ਕਰਾ ਕੇ ਸ਼ਾਂਤ ਵਾਤਾਵਰਣ ਪੈਦਾ ਕਰ ਦਿੱਤਾ। ਸੰਤ ਬਾਬਾ ਪ੍ਰੇਮ ਸਿੰਘ ਜੀ ਧੰਨ ਸਨ, ਜਿਨ੍ਹਾਂ ਦੇ ਅੰਦਰ ਲੁਬਾਣਾ ਬਰਾਦਰੀ ਦੀ ਹਰ ਇਕ ਤਰ੍ਹਾਂ ਨਾਲ ਹਮਦਰਦੀ ਸੀ।

(ਚਲਦਾ)

**ਕਿਰਤ ਕਰੋ, ਨਾਮ ਜਪੋ, ਵੰਡ ਛਕੋ।**

# ਭਾਈ ਮੱਖਣ ਸ਼ਾਹ ਜੀ ਦਾ ਧਾਰਮਿਕ ਵਿਰਸਾ

ਮੇਜਰ ਸੰਗਤ ਸਿੰਘ ਬਾਵਾ (ਡੀ.ਈ.ਓ.) (ਰਿਟਾ.)

### ਭਾਈ ਮਨੀ ਸਿੰਘ ਦੇ ਪਰਿਵਾਰ ਦਾ ਪ੍ਰਭਾਵ

ਇਕ ਹੋਰ ਮਹਾਨ ਧਾਰਮਿਕ ਪਰਿਵਾਰ ਜਿਸ ਨੇ ਭਾਈ ਮੱਖਣ ਸ਼ਾਹ 'ਤੇ ਪ੍ਰਭਾਵ ਪਾਇਆ ਉਹ ਨਾਇਕ ਮਾਈ ਦਾਸ ਅਤੇ ਭਾਈ ਮਨੀ ਸਿੰਘ ਅਤੇ ਉਨ੍ਹਾਂ ਦੇ ਬਜ਼ੁਰਗ ਸਨ। ਭਾਈ ਮਨੀ ਸਿੰਘ ਜੀ ਦੇ ਦਾਦਾ ਨਾਇਕ ਬਲੂ ਰਾਮ 15 ਅਪ੍ਰੈਲ 1634 ਨੂੰ ਅੰਮ੍ਰਿਤਸਰ ਦੀ ਲੜਾਈ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਸ਼ਹੀਦ ਹੋ ਗਏ ਸਨ ਅਤੇ ਆਪ ਦੇ ਪਿਤਾ ਨਾਇਕ ਮਾਈਦਾਸ ਨੇ ਕਾਰੋਬਾਰ ਦਾ ਸਾਰਾ ਕੰਮ ਸੰਭਾਲਿਆ। ਇਸ ਪਰਿਵਾਰ ਦਾ ਗੁਰੂ ਘਰ ਨਾਲ ਅਤੇ ਭਗਵਾਨ ਦਾਸ ਨਾਲ ਇਤਨਾ ਪਿਆਰ ਅਤੇ ਸ਼ਰਧਾ ਸੀ ਕਿ ਨਾਇਕ ਮਾਈ ਦਾਸ ਆਪਣੇ ਪੁੱਤਰ ਭਾਈ ਮਨੀ ਰਾਮ ਨੂੰ 1657 ਵਿਚ ਕੇਵਲ 13 ਸਾਲ ਦੀ ਆਯੂ ਵਿਚ ਗੁਰੂ ਹਰਿ ਰਾਏ ਸਾਹਿਬ ਪਾਸ ਕੀਰਤਪੁਰ ਸਾਹਿਬ ਛੱਡ ਗਏ ਸਨ। ਭਾਈ ਮਨੀ ਸਿੰਘ ਜੀ ਦਾ ਜਨਮ 10 ਮਾਰਚ 1644 ਨੂੰ ਪਿੰਡ ਅਲੀਪੁਰ, ਮੁਜੱਫਰਗੜ੍ਹ, ਬਹਾਵਲਪੁਰ (ਹੁਣ ਪਾਕਿਸਤਾਨ) ਵਿਚ ਹੋਇਆ। ਆਪ ਨੂੰ ਜਦੋਂ ਗੁਰੂ ਹਰਿ ਰਾਏ ਸਾਹਿਬ ਪਾਸ ਲਿਆਂਦਾ ਤਾਂ ਗੁਰੂ ਜੀ ਨੇ ਇਸ ਨੂੰ 'ਮਨੀਆ ਬਹੁਗੁਣੀਆਂ' ਦੀ ਅਸੀਸ ਦਿੱਤੀ। ਆਪ ਇਸ ਅਸੀਸ ਦਾ ਸਦਕਾ ਹੀ ਚੰਗੇ ਸੰਤ, ਚੰਗੇ ਸਿਪਾਹੀ, ਚੰਗੇ ਕਥਾਕਾਰ, ਚੰਗੇ ਪ੍ਰਬੰਧਕ, ਗੁਰੂ ਘਰ ਦੇ ਦੀਵਾਨ, ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ, ਸਿੱਖਾਂ ਨੂੰ ਕਈ ਖ਼ਤਰਿਆਂ ਤੋਂ ਬਚਾਉਣ ਵਾਲੇ, ਗੁਰੂ ਘਰ ਦੇ ਸਭ ਤੋਂ ਵੱਧ ਆਪਣੇ ਸਮੇਂ ਦੇ ਵਿਸ਼ਵਾਸਪਾਤਰ, ਆਪਣੇ 8 ਦੇ 8 ਪੁੱਤਰਾਂ ਨੂੰ ਸ਼ਹੀਦ ਕਰਾਉਣ ਵਾਲੇ ਆਪ ਵੀ ਬੰਦ-ਬੰਦ ਕਟਵਾ ਕੇ ਸ਼ਹਾਦਤ ਪਾਉਣ ਵਾਲੇ, ਬੰਦਈ ਖਾਲਸਾ ਅਤੇ ਤੱਤ ਖਾਲਸਾ ਦੀ ਸੁਲਾਹ ਕਰਾਉਣ ਵਾਲੇ ਅਤੇ ਦਮਦਮਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰੀ ਵਿਚ ਸਹਾਇਤਾ ਕਰਨ ਵਾਲੇ ਸਨ। ਆਪ ਨੇ ਬਾਬਾ ਬੁੱਢਾ ਜੀ ਤੋਂ ਬਾਅਦ ਸਭ ਤੋਂ ਵੱਧ ਗੁਰੂ ਸਾਹਿਬਾਨ ਅਤੇ ਖਾਲਸੇ ਦੀ 77 ਸਾਲ ਸੇਵਾ ਕੀਤੀ।

ਮਹਾਨ ਸ਼ਹੀਦ ਭਾਈ ਮਨੀ ਸਿੰਘ ਨੂੰ ਕੋਈ ਕੰਬੋ, ਕੋਈ ਦੁਲਟ ਜਟ, ਕੋਈ ਕਾਨ੍ਹੇ ਕਾਛੇ, ਕੋਈ ਪਵਾਰ, ਕੋਈ ਬਾਜੀਗਰ, ਕੋਈ ਮੁਲਤਾਨੀ (ਲੁਬਾਣਾ) ਅਤੇ ਕੋਈ ਬਹੁਰੂਪੀਆ (ਲੁਬਾਣਾ) ਲਿਖਦਾ ਹੈ। 'ਸਿੰਘ ਸਾਗਰ' ਕਿਰਤ ਵੀਰ ਸਿੰਘ ਬਲ ਜੋ 1827 ਵਿਚ ਲਿਖੀ ਗਈ ਸੀ, ਉਸ ਵਿਚ ਲੇਖਕ ਭਾਈ ਮਨੀ ਸਿੰਘ ਦੇ ਪੁੱਤਰ ਭਾਈ ਬਚਿਤ੍ਰ ਸਿੰਘ ਅਤੇ ਪੋਤਰੇ ਭਾਈ ਰਾਮ ਸਿੰਘ ਬਾਰੇ ਲਿਖਦਾ ਹੈ –

ਭਾਈ ਰਾਮ ਸਿੰਘ ਭਾਈ ਬਚਿੱਤਰ ਸਿੰਘ ਦਾ ਪੁੱਤਰ ਸੀ–

**"ਰਾਮ ਸਿੰਘ ਲੀਓ ਬੁਲਾਏ ਅਨੂਪ ਸਰੂਪੀਆ।**
**ਸਿੰਘ ਬਚਿੱਤਰ ਤਾਤ ਅਨੁਜ ਬਹੁਰੂਪੀਆ।"**



ਭਾਈ ਸੰਤੋਖ ਸਿੰਘ ਵੀ ਭਾਈ ਉਦੈ ਸਿੰਘ ਅਤੇ ਭਾਈ ਬਚਿਤ੍ਰ ਸਿੰਘ ਨੂੰ "ਬਚਿੱਤਰ ਸਿੰਘ ਉਦੈ ਸਿੰਘ ਰਣ ਕਰਨ ਪ੍ਰਸੰਗ" ਵਿਚ ਬਹੁਰੂਪੀਆ ਲਿਖਦਾ ਹੈ–

**ਮਾਈ ਦਾਸ ਹੁਤੋ ਇਕ ਨਾਇਕ। ਬਹਿਰੂਪੀਆ ਅਤਿ ਸੁਖਦਾਇਕ।**
**ਦੱਛਨ ਦੇਸ ਜਵਨ ਕੀ ਵਾਸੀ। ਸੇਵਕ ਸੁਨੇ ਆਦਿ ਅਬਨਾਸੀ।**
**ਪੋਤਾ ਮਾਈਦਾਸ ਕਾ ਬਹੁਰੂਪੀਏ ਬੰਸ। ਭਾਈ ਸੁੱਖਾ ਸਿੰਘ।**

ਭਾਈ ਮਨੀ ਸਿੰਘ ਜੀ ਦੀ ਸ਼ਾਦੀ ਲੱਖੀ ਸ਼ਾਹ ਲੁਬਾਣੇ ਦੀ ਪੁੱਤਰੀ ਬੀਬੀ ਸੀਤੋ ਨਾਲ ਹੋਈ ਸੀ ਜਿਸ ਨੇ ਅੰਮ੍ਰਿਤ ਛਕਣ ਉਪਰੰਤ ਆਪਣਾ ਨਾਂ ਬਸੰਤ ਕੌਰ ਰੱਖ ਲਿਆ ਸੀ। ਜਿਸ ਦੇ 5 ਪੁੱਤਰ ਭਾਈ ਬਚਿਤ੍ਰ ਸਿੰਘ, ਭਾਈ ਉਦੈ ਸਿੰਘ, ਭਾਈ ਅਨਕ ਸਿੰਘ, ਭਾਈ ਅਜਬ ਸਿੰਘ ਅਤੇ ਭਾਈ ਅਜਾਇਬ ਸਿੰਘ ਸਨ। ਇਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮਨਾਮਾ ਦਿੱਤਾ ਸੀ ਜੋ ਹੇਠ ਲਿਖੇ ਅਨੁਸਾਰ ਹੈ–

ਸਤਿਗੁਰੂ ਜੀ ਕੀ ਆਗਿਆ ਹੈ। ਭਾਈ ਬਚਿੱਤਰ ਸਿੰਘ ਜੀ, ਭਾਈ ਅਜਾਇਬ ਸਿੰਘ ਜੀ।

ਭਾਈ ਅਨਿਕ ਸਿੰਘ ਜੀ, ਭਾਈ ਅਜਬ ਸਿੰਘ ਜੀ, ਭਾਈ ਅਜਾਇਬ ਸਿੰਘ ਜੀ।

(ਚਲਦਾ)

**ਮਿੱਠਾ ਬੋਲੋ, ਨਿਵ ਚਲੋ, ਹਥੋਂ ਦੇ ਕੇ ਭਲਾ ਮਨਾਵੋ ।।**

# ਕਿਉਂ ਪੁੱਤਰਾ ! ਮੱਥਾ ਟੇਕਨ ਆਇਐਂ ?

ਰੋਜ਼ ਸਵੇਰੇ ਮੰਮੀ ਸਕੂਲ ਜਾਣ ਤੋਂ ਪਹਿਲਾਂ ਅਤੇ ਨਾਸ਼ਤਾ ਕਰਨ ਤੋਂ ਪਹਿਲਾਂ ਆਪਣੇ ਬੇਟੇ ਨੂੰ ਪੁੱਛਦੀ ਕਿ ਪੁੱਤਰਾ ਗੁਰੂ ਸਾਹਿਬ ਨੂੰ ਮੱਥਾ ਟੇਕ ਆਇਐ? ਅਤੇ ਮੈਂ ਵੀ ਰੋਜ਼ਾਨਾ ਦੀ ਤਰ੍ਹਾਂ ਹਾਂ ਵਿਚ ਜਵਾਬ ਦਿੰਦਾ, ਮੰਮੀ ਬੜੀ ਖੁਸ਼ ਹੋ ਕੇ ਪਿਆਰ ਕਰਦੀ ਅਤੇ ਮੈਨੂੰ ਪਲੋਸਦੀ ਹੋਈ ਨਾਸ਼ਤਾ ਦਿੰਦੀ। ਇਹ ਪ੍ਰੈਕਟਿਸ ਸਾਲਾਂ ਦਰ ਸਾਲ ਚਲਦੀ ਰਹੀ ਅਤੇ ਮੈਂ ਜਵਾਨ ਹੁੰਦਾ ਗਿਆ। ਕਦੀ ਕਦੀ ਗੁਰਪੁਰਬ, ਮੱਸਿਆ, ਸੰਗਰਾਂਦ ਜਾਂ ਕੀਰਤਨ ਦਰਬਾਰ ਤੇ ਵੀ ਮੈਨੂੰ ਪਰਿਵਾਰ ਵਾਲੇ ਨਾਲ ਲੈ ਕੇ ਜਾਂਦੇ ਅਤੇ ਕਹਿੰਦੇ ਕੀ ਗੁਰੂ ਸਾਹਿਬ ਜੀ ਨੂੰ ਮੱਥਾ ਟੇਕ ਕੇ ਸੰਗਤ ਵਿਚ ਬੈਠਨਾ ਹੈ, ਦੇਖੀਂ ਸ਼ੋਰ ਨਹੀਂ ਕਰਨਾ ਅਤੇ ਸ਼ਰਾਰਤਾਂ ਨਹੀਂ ਕਰਨੀਆਂ।

ਕਦੀ-ਕਦੀ ਮੰਮੀ ਮੈਨੂੰ ਪੰਜੀਰੀ ਦਾ ਪ੍ਰਸ਼ਾਦ ਦਿੰਦੀ ਅਤੇ ਕਹਿੰਦੀ ਕਿ ਆਪਣੇ ਪੜੋਸੀ ਹਜ਼ੂਰ ਸਾਹਿਬ ਮੱਥਾ ਟੇਕ ਕੇ ਆਏ ਹਨ ਅਤੇ ਕਦੀ ਪ੍ਰਸਾਦ ਦੇਣ ਤੋਂ ਪਹਿਲਾਂ ਦੱਸਦੀ ਕਿ ਸਾਡੀ ਗਲੀ ਦੇ ਮੋੜ ਵਾਲੇ ਸਰਦਾਰ ਜੀ ਪਟਨਾ ਸਾਹਿਬ ਮੱਥਾ ਟੇਕ ਕੇ ਆਏ ਨੇ। ਪਿਛਲੇ ਐਤਵਾਰ ਦੀ ਗੱਲ ਹੈ ਕਿ ਮੇਰੇ ਮਾਮਾ ਜੀ ਦਿੱਲੀ ਤੋਂ ਆਏ ਅਤੇ ਅਸੀਂ ਸਾਰੇ ਬਹੁਤ ਖੁਸ਼ ਹੋ ਗਏ ਕਿ ਤੁਸੀਂ ਅਚਾਨਕ ਕਿਵੇਂ? ਉਹਨਾਂ ਦੱਸਿਆ ਕਿ ਮੈਂ ਅੰਮ੍ਰਿਤਸਰ ਦਰਬਾਰ ਸਾਹਿਬ ਮੱਥਾ ਟੇਕਣ ਜਾ ਰਿਹਾ ਸਾਂ, ਸੋਚਿਆ ਕਿ ਲੁਧਿਆਣੇ ਤੁਹਾਡੇ ਪਾਸ ਵੀ ਰਾਤ ਠਹਿਰ ਕੇ ਤੁਹਾਨੂੰ ਮਿਲਦਾ ਜਾਵਾਂ। ਮੇਰੀ ਮੰਮੀ ਕਹਿਣ ਲੱਗੀ ਕਿ ਚਲੋ ਅਸੀਂ ਵੀ ਇਸੇ ਬਹਾਨੇ ਦਰਬਾਰ ਸਾਹਿਬ ਮੱਥਾ ਟੇਕ ਆਉਂਦੇ ਹਾਂ। ਅਸੀਂ ਵੀ ਅਗਲੇ ਸਵੇਰੇ ਸਾਰੇ ਦਰਬਾਰ ਸਾਹਿਬ ਨੂੰ ਰਵਾਨਾ ਹੋ ਗਏ।

ਦਰਸ਼ਨੀ ਡਿਉੜੀ ਤੋਂ ਅੰਦਰ ਜਾਣ ਲੱਗਿਆਂ ਹੀ ਰਾਗੀ ਸਿੰਘਾਂ ਨੇ ਸ਼ਬਦ ਸ਼ੁਰੂ ਕਰ ਦਿੱਤਾ

**"ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ"॥**

(**ਪੰਨਾ** 50)

ਜਿਵੇਂ-ਜਿਵੇਂ ਰਾਗੀ ਸਾਹਿਬਾਨ ਇਹ ਪੰਕਤੀ ਦੁਹਰਾਅ ਰਹੇ ਸਨ। ਤਿਵੇਂ-ਤਿਵੇਂ ਇਹ ਪੰਕਤੀ ਮੇਰੇ ਦਿਮਾਗ਼ ਵਿਚ ਕੁਝ ਹਲਚਲ ਮਚਾ ਰਹੀ ਸੀ। ਮੈਂ ਉਥੇ ਲਾਈਨ ਵਿਚ ਖੜ੍ਹਾ-ਖੜ੍ਹਾ ਸੋਚ ਰਿਹਾ ਸੀ ਕਿ ਅਸੀਂ ਸਾਰੇ ਗੁਰੂ ਰਾਮਦਾਸ ਜੀ ਨੂੰ ਮਿਲਣ ਆਏ ਹਾਂ ਜਾਂ ਮੱਥਾ ਟੇਕਣ। ਮੈਨੂੰ ਯਾਦ ਹੈ ਕਿ ਗਰਮੀ ਦੀਆਂ ਛੁਟੀਆਂ ਵਿਚ ਮੰਮੀ ਕਹਿੰਦੀ ਸੀ ਕਿ ਆਉ ਨਾਨਾ-ਨਾਨੀ, ਮਾਮਾ-ਮਾਮੀ ਜੀ ਨੂੰ ਮਿਲ ਕੇ ਆਵਾਂਗੇ ਅਤੇ ਫਿਰ ਅਸੀਂ ਉਹਨਾਂ ਨੂੰ ਜੱਫੇ ਪਾ ਕੇ ਮਿਲਾਂਗੇ। ਸਾਰਾ ਦੁੱਖ ਸੁੱਖ ਸਾਂਝਾ ਕਰਾਂਗੇ ਜੀਅ ਭਰ ਕੇ ਗੱਲਾਂ ਕਰਾਂਗੇ। ਸਾਰੇ ਸਾਲ ਦੀਆਂ ਗੱਲਾਂ ਕਰਕੇ ਆਵਾਂਗੇ। ਉਹਨਾਂ ਵੀ ਸਾਨੂੰ ਬਜ਼ਾਰ ਤੋਂ ਮਿਠਾਈਆਂ ਕੱਪੜੇ ਲੈ ਕੇ ਦੇਣੇ। ਫਿਰ ਸਾਰਾ ਸਾਲ ਅਸੀਂ ਇਕ ਦੂਜੇ ਨੂੰ ਯਾਦ ਕਰਦੇ ਰਹਿਣਾ। ਕਿਆ ਕਮਾਲ ਦਾ ਮਿਲਣਾ ਸੀ ਜੋ ਅਜੇ ਤੱਕ ਸਾਡੀ ਯਾਦ ਨੂੰ ਤਾਜ਼ਾ ਕਰ ਦਿੰਦਾ ਹੈ। ਸਾਡੀ ਮੰਮੀ ਨੇ ਕਦੇ ਨਹੀਂ ਸੀ ਕਿਹਾ ਕਿ ਆਉ ਅਸੀਂ ਨਾਨਾ-ਨਾਨੀ ਅਤੇ ਮਾਮਾ-ਮਾਮੀ ਨੂੰ ਮੱਥਾ ਟੇਕ ਕੇ ਆਈਏ। ਮੱਥਾ ਟੇਕਣਾ ਕੋਈ ਮਾੜਾ ਕੰਮ ਨਹੀਂ ਪਰ ਕੇਵਲ ਇਕੋ ਆਸ਼ਾ ਕਿ ਗੁਰੂ ਨੂੰ ਮੱਥਾ ਟੇਕਣ ਜਾਣਾ ਹੈ। ਬਾਣੀ ਤਾਂ ਅਵਾਜ਼ਾਂ ਮਾਰ ਰਹੀ ਸੀ। ਗੁਰ ਮਿਲਿ***ਗੁਰ ਮਿਲਿ*** ਗੁਰ ਮਿਲਿ ਕਿ ਆਉ ਸਾਨੂੰ ਮਿਲੋ। ਜਿਵੇਂ ਅਸੀਂ ਆਪਣੇ ਉਹ ਸਾਕ ਸੰਬੰਧੀਆਂ ਨੂੰ ਮਿਲਦੇ ਸੀ, ਦੁੱਖ-ਸੁੱਖ ਕਰਦੇ ਸੀ ਸਾਰੇ ਦਿਲ ਦੇ ਹਾਲ ਸਾਂਝੇ ਕਰਦੇ ਸੀ, ਫਿਰ ਇੱਕ ਦੂਜੇ ਨੂੰ ਠੰਡ ਪੈਂਦੀ ਸੀ। ਬਾਣੀ ਦੀ ਅਗਲੀ ਪੰਕਤੀ "ਚਜੁ ਆਚਾਰੁ ਸਿਖੁ" ਹੁਣ ਮੈਂ ਗੁਰੂ ਜੀ ਨੂੰ ਮਿਲਿਆ ਤਾਂ ਹੈ ਹੀ ਨਹੀਂ ਮੈਂ ਤਾਂ ਕੇਵਲ ਮੱਥਾ ਟੇਕਿਆ ਹੈ। ਇਸ ਕਰਕੇ ਮੇਰੀ ਜ਼ਿੰਦਗੀ ਵਿਚ ਕੋਈ ਚਜ ਜਾਂ ਆਚਾਰ, ਚੰਗਾ ਕੰਮ, ਚੰਗੇ ਖਿਆਲ, ਚੰਗੀ ਸੋਚ ਆਈ ਹੀ ਨਹੀਂ, ਮੇਰੀ ਸੋਚ ਵਿਚ ਹੈ - ਹਜ਼ੂਰ ਸਾਹਿਬ ਲੰਗਰ ਬਹੁਤ ਸੁਆਦ ਬਣਿਆ ਸੀ, ਦਰਬਾਰ ਸਾਹਿਬ ਪੈਪਸੀ ਪੰਜ ਰੁਪਏ ਦੀ ਮਿਲਦੀ ਹੈ, ਅਸੀਂ ਅੱਠ ਵਾਰੀ ਪੀਤੀ ਹੈ, ਸ਼ਹੀਦਾਂ ਵਾਲੇ ਗੁਰਦੁਆਰੇ ਬਰਫ਼ੀ ਦਾ ਪ੍ਰਸਾਦ ਮਿਲਦਾ ਹੈ, ਅਸੀਂ ਅੰਮ੍ਰਿਤਸਰ ਬਜ਼ਾਰ ਗਏ ਉਥੇ ਅਸੀਂ ਰੱਜ ਕੇ ਸ਼ਾਪਿੰਗ ਕੀਤੀ। ਅੱਜ ਚਾਨਣੀ ਉੱਪਰ ਦਸ ਤੋਲੇ ਸੋਨੇ ਦਾ ਛੱਬਾ ਦੇਖ ਕੇ ਮੈਂ ਖੁਸ਼ ਹੋ ਗਿਆ, ਅੱਜ ਰਾਗੀ ਸਿੰਘਾਂ ਦੀ ਆਵਾਜ਼ ਬੱਲੇ-ਬੱਲੇ ਸੀ, ਟਯੂਨ ਤੇ ਕਿਆ ਕਮਾਲ ਸੀ, ਸ਼ਬਦ ਕਿਹੜਾ ਪੜ੍ਹਿਆ ਗਿਆ ਕੋਈ ਯਾਦ ਨਹੀਂ ਹੈ, ਗੁਰੂ ਨੂੰ ਮਿਲ ਕੇ ਜੀਵਨ-ਜਾਚ ਵਿਚ ਫ਼ਰਕ ਪੈਣਾ ਸੀ ਕਿਉਂਕਿ ਮੱਥਾ ਟੇਕਣ ਗਏ ਸੀ ਜੀਵਨ-ਜਾਚ ਉਥੇ ਦੀ ਉਥੇ ਹੀ ਰਹੀ, ਸਗੋਂ ਲੋਕਾਂ ਵਿਚ ਪ੍ਰਸਾਦ ਵੰਡ ਕੇ ਦਸਿਆ ਕਿ ਅਸੀਂ ਫਲਾਨੇ ਅਸਥਾਨ ਤੇ ਮੱਥਾ ਟੇਕ ਕੇ ਆਏ ਹਾਂ।

ਮੱਥਾ ਟੇਕ ਕੇ ਆਉਣ ਤੋਂ ਬਾਅਦ ਵੀ ਸਾਡੇ ਦੁਖਾਂ ਵਿਚ ਕੋਈ ਬਹੁਤੀ ਕਮੀ ਨਹੀਂ ਆਉਂਦੀ, ਜਦੋਂ ਕਿ ਗੁਰੂ ਸਾਹਿਬ ਦੀ ਬਾਣੀ ਨੇ ਮੋਹਰ ਲਗਾਈ ਸੀ। "ਤੁਧੁ ਕਦੇ ਨ ਲਗੈ ਦੁਖੁ" ਕਿਉਂਕਿ ਮੈਂ ਗੁਰੂ ਜੀ ਨੂੰ ਮਿਲ ਕੇ ਦੁਖ-ਸੁਖ ਸਾਂਝਾ ਕੀਤਾ ਹੀ ਨਹੀਂ, ਜਿਹੜੇ ਵਿਕਾਰਾਂ-ਖਾਹਿਸ਼ਾਂ ਅਵਗੁਣਾਂ ਤੋਂ ਮੈਂ ਦੁੱਖੀ ਸੀ, ਉਸ ਨੂੰ ਦੂਰ ਕਰਨ ਦੀ ਜੁਗਤਿ ਮੈਂ ਗੁਰੂ ਕੋਲੋਂ ਸਮਝੀ ਹੀ ਨਹੀਂ ਅਤੇ ਨਾ ਹੀ ਮੈਂ ਸਮਝਣ ਆਇਆ ਹਾਂ। ਸਗੋਂ ਮੱਥਾ ਟੇਕ ਉਹ ਚੀਜ਼ਾਂ ਦੀ ਮੰਗ ਕੀਤੀ ਜਿੰਨੇ ਮੇਰੇ ਦੁੱਖਾਂ ਵਿਚ ਹੋਰ ਵਾਧਾ ਕਰ ਦਿੱਤਾ ਕਿਉਂਕਿ ਗੁਰਬਾਣੀ ਦਾ ਅਟੱਲ ਸਿਧਾਂਤ ਹੈ।

**"ਵਿਣੁ ਤੁਧੁ ਹੋਰ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥**
**ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥"**

(**ਅੰਗ 958**)

ਜਦ ਕਿ ਇਹ ਚੀਜ਼ਾਂ ਤਾਂ ਰੱਬ ਨੇ ਸੁਭਾਵਕ ਹੀ ਸਭ ਨੂੰ ਅਤੇ ਮੈਨੂੰ ਵੀ ਦਿੱਤੀਆਂ ਹੋਈਆਂ ਹਨ ਅਤੇ ਦੇ ਰਿਹਾ ਹੈ। ਜਦ ਕਿ ਰੱਬ ਜੀ ਤਾਂ ਉਨ੍ਹਾਂ ਨੂੰ ਵੀ ਪਾਲ ਰਹੇ ਹਨ ਜਿਹੜੇ ਰੱਬ ਜੀ ਦੀ ਹੋਂਦ ਤੋਂ ਮੁਨਕਰ ਹਨ।

**"ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ॥"**

(**ਅੰਗ**-47)

ਅੱਜ ਅਸੀਂ ਮੱਥਾ ਟੇਕਣੇ ਨੂੰ ਕੇਵਲ ਰੱਬ ਕੋਲੋਂ ਦਾਤਾਂ ਮੰਗਣ ਦਾ ਤਰੀਕਾ ਬਣਾ ਕੇ ਰੱਖ ਦਿੱਤਾ ਹੈ। ਵੱਡੇ ਤੋਂ ਛੋਟੇ ਤੱਕ, ਗ੍ਰੰਥੀ ਸਾਹਿਬਾਨ ਤੋਂ ਲੈ ਕਰਕੇ ਜਥੇਦਾਰ ਸਾਹਿਬਾਨ ਤੱਕ, ਸੇਵਾਦਾਰ ਤੋਂ ਲੈ ਕਰਕੇ ਪ੍ਰਧਾਨ ਸਾਹਿਬ ਤੱਕ, ਗੱਡਵਈ ਤੋਂ ਲੈ ਕਰਕੇ ਵੱਡੇ-ਵੱਡੇ ਅਖੌਤੀ ਸਾਧ, ਬਾਬੇ, ਬ੍ਰਹਮ ਗਿਆਨੀ ਇਹੀ ਕਹਿੰਦੇ ਸੁਣੇ ਜਾਂਦੇ ਹਨ ਬਈ ਗੁਰੂਦੁਆਰੇ ਜ਼ਰੂਰ ਮੱਥਾ ਟੇਕਣ ਆਇਆ ਕਰੋ ਕਿਉਂਕਿ ਇਨ੍ਹਾਂ ਲਈ ਮੱਥਾ ਟੇਕਣ ਤੋਂ ਭਾਵ ਗੁਰਦੁਆਰੇ ਦੀ ਗੋਲਕ ਵਿਚ ਵਾਧਾ, ਗੁਰੂਦੁਆਰੇ ਦੇ ਬੈਂਕ ਬੈਲੇਂਸ ਵਿਚ

ਵਾਧਾ, ਡੇਰੇਦਾਰਾਂ ਦੀਆਂ ਜੇਬ੍ਹਾਂ ਭਰਨੀਆਂ ਇਸ ਤੋਂ ਵੱਧ ਕੁਝ ਵੀ ਨਹੀਂ ਹੈ। ਇਨ੍ਹਾਂ ਸਾਰਿਆਂ ਦੀ ਜ਼ਮੀਰ ਤੇ ਕੀ ਅਸਰ ਹੈ ਕਿ ਮੇਰੀ ਜੀਵਨ-ਜਾਚ ਵਿਚ ਕੋਈ ਫ਼ਰਕ ਨਹੀਂ ਪੈ ਰਿਹਾ, ਸਿੱਖ ਨਾਲ ਸਿੱਖ ਆਪਸ ਵਿਚ ਲੜ ਰਿਹਾ ਹੈ, ਸਾਡੇ ਅਨੇਕਾਂ ਧੜੇ ਬਣ ਚੁੱਕੇ ਹਨ ਇਥੋਂ ਤੱਕ ਕਿ ਗੁਰਦੁਆਰੇ ਵੀ ਆਪਸ ਵਿਚ ਵੰਡੇ ਗਏ ਹਨ। ਸਾਡੀ ਨੌਜਵਾਨ ਪੀੜ੍ਹੀ ਨਸ਼ਿਆਂ ਵਿਚ ਡੁੱਬਦੀ ਜਾ ਰਹੀ ਹੈ। ਵੰਨ-ਸੁਵੰਨੀ ਫੈਸ਼ਨ ਪ੍ਰਸਤੀ ਨੇ ਸਾਡੇ ਸਮਾਜ ਦੀ ਮੱਤ ਹੀ ਮਾਰ ਦਿੱਤੀ ਹੈ। ਨੌਜਵਾਨ ਵਰਗ ਗੁਰਦੁਆਰੇ ਆਉਣ ਅਤੇ ਧਰਮ ਦੀ ਗੱਲ ਸੁਣਨ ਤੋਂ ਮੁਨਕਰ ਹੋ ਰਿਹਾ ਹੈ। ਪਰ ਕਿਸੇ ਨੂੰ ਕੀ, ਸਭ ਨੂੰ ਦਾਤਾਂ ਨਾਲ ਮਤਲਬ ਹੈ ਤੇ ਇਨ੍ਹਾਂ ਸਾਰਿਆਂ ਨੂੰ ਮਾਇਆ ਨਾਲ। ਗੁਰੂ ਦੇ ਦਰ ਤੇ ਖਾਲੀ ਪੈਸੇ ਜਾਂ ਰੁਪਏ ਦਾ ਮੱਥਾ ਟੇਕ ਕੇ ਦਾਤਾਂ ਮੰਗਣ ਵਾਲਿਓ! ਕਾਸ਼ ਕਿਸੇ ਲੋੜਵੰਦ ਬੱਚੇ ਨੂੰ ਸਕੂਲ ਦੀ ਫੀਸ ਜਾਂ ਵਰਦੀ ਦਾ ਵੀ ਪਰਉਪਕਾਰ ਕੀਤਾ ਹੁੰਦਾ ਤਾਂ ਉਸ ਦਾ ਮੱਥਾ ਵੀ ਗਿਆਨ ਨਾਲ ਭਰ ਜਾਣਾ ਸੀ। ਅਮੀਰੀ ਦੀ ਸ਼ਾਨ ਵਿਚ ਕੀਮਤੀ ਅਤੇ ਬਹੁਤ ਮਹਿੰਗੇ ਰੁਮਾਲਿਆਂ ਦਾ ਮੱਥਾ ਟੇਕਣ ਵਾਲਿਓ! ਕਿਸੇ ਲੋੜਵੰਦ ਵੀਰ ਜਾਂ ਭੈਣ ਨੂੰ ਸੂਟ ਦਾ ਕੱਪੜਾ ਦੇ ਕੇ ਉਸ ਦਾ ਤਨ ਵੀ ਢੱਕਿਆ ਹੁੰਦਾ ਤਾਂ ਉਸ ਦੇ ਮੱਥੇ ਉੱਤੋਂ ਤੁਹਾਡੇ ਲਈ ਅਸੀਸ ਦੀਆਂ ਕਿਰਨਾਂ ਨਿਕਲਨੀਆਂ ਸਨ ਅਤੇ "ਗਰੀਬ ਦਾ ਮੂੰਹ ਗੁਰੂ ਦੀ ਗੋਲਕ" ਦਾ ਵਾਕ ਸੱਚ ਹੋਣਾ ਸੀ। ਇਨ੍ਹੀਂ ਦੇਰ ਵਿਚ ਮੈਂ ਜਿਉਂ ਹੀ ਦਰਬਾਰ ਸਾਹਿਬ ਦੇ ਅੰਦਰ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਪਹੁੰਚਿਆ ਤਾਂ ਮੈਨੂੰ ਲੱਗਾ ਕਿ ਜਿਵੇਂ ਗੁਰੂ ਸਾਹਿਬ ਕਹਿ ਰਹੇ ਹਨ ਕਿਉਂ ਪੁੱਤਰਾ! ਮੱਥਾ ਟੇਕਣ ਆਇਐਂ? ਮੇਰੀਆਂ ਅੱਖਾਂ ਵਿਚੋਂ ਨੀਰ ਵਹਿ ਤੁਰਿਆ, ਨਹੀਂ ਪਿਤਾ ਜੀ! ਮੈਂ ਤੁਹਾਨੂੰ ਮਿਲਣ ਆਇਆ ਹਾਂ ਅਤੇ ਨਮਸਕਾਰ ਕਰਕੇ ਸਾਈਡ ਤੇ ਬੈਠ ਕੇ, ਦਿਲ ਵਿਚ ਜੋ ਵੀ ਸਵਾਲ ਸਨ, ਦੁੱਖ ਸੁੱਖ ਸਨ, ਬੈਠ ਕੇ ਸਾਂਝੇ ਕੀਤੇ। ਇੰਝ ਲੱਗਦਾ ਸੀ ਕਿ ਕੁਝ ਅੱਜ ਹਲਕਾ ਫੁਲਕਾ ਹੋ ਗਿਆ ਹੋਵੇ। ਅੱਜ ਲੱਗ ਰਿਹਾ ਸੀ ਕਿ ਮੇਰਾ ਮੱਥਾ ਅੱਜ ਟਿਕ ਗਿਆ ਹੈ।

ਘਰ ਆ ਕੇ ਮੈਂ ਆਪਣੀ ਮੰਮੀ ਨੂੰ ਕਿਹਾ ਕਿ ਕਿਉਂ ਨਾ ਅਸੀਂ ਆਪਣੀ ਬੋਲਚਾਲ ਵਿਚ ਇਹ ਗੱਲ ਕਿ ਮੱਥਾ ਟੇਕਣ ਚੱਲੀਏ ਨੂੰ ਬਦਲ ਕੇ ਗੁਰੂ ਜੀ ਨੂੰ ਮਿਲਣ ਚੱਲੀਏ, ਜਾਉ ਬੱਚਿਓ ਜਾਉ, ਗੁਰੂ ਜੀ ਨੂੰ ਮਿਲ ਆਉ, ਅਸੀਂ ਛੁੱਟੀਆਂ ਵਿਚ ਗੁਰੂ ਜੀ ਨੂੰ ਮਿਲ ਕੇ ਆਵਾਂਗੇ। ਅਸੀਂ ਹਜ਼ੂਰ ਸਾਹਿਬ, ਦਰਬਾਰ ਸਾਹਿਬ, ਪਾਉਂਟਾ ਸਾਹਿਬ ਜਾਂ ਹੋਰ ਆਪਣੇ ਇਲਾਕੇ ਦੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਸਾਹਿਬ ਨੂੰ ਮਿਲਣ ਦੀ ਗੱਲ ਕਰੀਏ, ਕਿਉਂਕਿ ਗੁਰਬਾਣੀ ਵਾਰ-ਵਾਰ ਸਾਨੂੰ ਮਿਲਣ ਦੀ ਤਾਕੀਦ ਕਰ ਰਹੀ ਹੈ-

**ਮਿਲਿ ਨਾਨਕ ਅੰਗਦ ਅਮਰ ਗੁਰ ਗੁਰੁ ਰਾਮਦਾਸੁ ਹਰਿ ਪਹਿ ਗਯਊ ॥**

**(ਅੰਗ-1409)**

ਹੁਣ ਅਸੀਂ ਸੋਚਣਾ ਹੈ ਕਿ ਅਸੀਂ ਗੁਰੂ ਜੀ ਨੂੰ ਮੱਥਾ ਟੇਕਣ ਜਾਣਾ ਹੈ ਜਾਂ ਮਿਲਣ ਜਾਣਾ ਹੈ। ਪਰ ਕੇਵਲ ਮੱਥਾ ਟੇਕਣ ਵਾਲਿਆਂ ਲਈ ਤਾਂ ਗੁਰੂ ਸਾਹਿਬ ਜੀ ਨੇ ਤਾੜਨਾ ਕੀਤੀ ਹੈ -

**ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧॥**

**(ਅੰਗ-47)**

**ਧੰਨਵਾਦ ਸਹਿਤ 'ਗੁਰਬਾਣੀ ਚਾਨਣ' 'ਚੋਂ**

**ਵੱਲੋਂ - ਗੁਰਚਰਨ ਸਿੰਘ, ਸੀਨੀਅਰ ਮੀਤ ਪ੍ਰਧਾਨ, ਹੈੱਡ ਕੁਆਰਟਰ**

**ਕਹਾਣੀ**

**ਇੰਜੀ. ਨਰੰਜਨ ਸਿੰਘ ਵਿਰਕ**
**ਮੁਹਾਲੀ (ਮੈਂਬਰ)**

# ਕੀ ਬਣੂ ਦੁਨੀਆ ਦਾ ਸੱਚੇ ਪਾਤਸ਼ਾਹ ਵਾਹਿਗੁਰੂ ਜਾਣੇ

ਇੱਕ ਸਵੇਰੇ ਗਿਆਨੀ ਕਰਤਾਰ ਸਿੰਘ ਗੁਰਦੁਆਰੇ ਵਿਖੇ ਬੋਲ ਰਹੇ ਸਨ : ਪੁਰਾਣੇ ਜ਼ਮਾਨੇ ਦੀਆਂ ਗੱਲਾਂ ਹਨ - ਲੋਕੀਂ ਹਲ ਵਾਹੁੰਦੇ ਸੀ, ਫਸਲਾਂ ਨੂੰ ਪਾਣੀ ਲਾਉਂਦੇ, ਵੱਡਦੇ, ਸੁਆਣੀਆਂ ਖੂਹ ਵਿਚੋਂ ਵੀਹ-ਵੀਹ ਤੌਂਤੇ ਪਾਣੀ ਭਰਦੀਆਂ। ਬੱਚੇ ਸਕੂਲ ਵਿਚ ਭੱਜੇ ਜਾਂਦੇ। ਸਭ ਲੋਕ ਜੈਵਿਕ ਖੇਤੀ ਕਰਦੇ, ਮਿਲਾਵਟ ਕਰਨਾ ਲੋਕ ਪਾਪ ਸਮਝਦੇ ਸੀ।

ਸਮਾਂ ਬਦਲ ਗਿਆ ਹੈ - ਕਲਯੁਗ ਆ ਗਿਆ - ਯਾਨੀ ਕਲਾ ਦਾ ਯੁੱਗ - ਯਾਨੀ ਮਸ਼ੀਨਾਂ ਦਾ ਯੁਗ - ਸਭ ਕੰਮ ਮਸ਼ੀਨਾਂ ਨਾਲ ਹੋਣ ਲੱਗ ਪਿਆ। ਕਾਲਾ ਯੁੱਗ - ਲੋਕ ਆਪਣੇ ਦੀਨ ਇਮਾਨ ਤੇ ਨਹੀਂ ਰਹੇ, ਲਾਲਚ ਵਿਚ ਆ ਕੇ ਮਿਲਾਵਟ ਖੋਰੀ ਐਨੀ ਵੱਧ ਗਈ ਕਿ ਕੋਈ ਚੀਜ਼ ਸਾਫ਼-ਸੁਥਰੀ ਨਹੀਂ ਮਿਲ ਰਹੀ। ਪਿੰਡਾਂ ਵਿਚ ਕਿਸਾਨ ਭਾਈ ਦੋ ਫੁੱਟ ਦੇ ਕੱਦੂ ਨੂੰ ਟੀਕਾ ਲਾ ਕੇ ਪੰਜ ਫੁੱਟ ਦਾ ਬਣਾ ਦਿੰਦੇ ਹਨ। ਪਿੱਛੇ ਜਿਹੇ ਖ਼ਬਰ ਸੀ ਕਿ ਇਕ ਕਿਸਾਨ ਨੇ ਪੇਠਾ (ਸਬਜ਼ੀ) ਨੂੰ ਟੀਕਾ ਲਾ ਕੇ 28 ਕਿਲੋ ਦਾ ਬਣਾਤਾ। ਲੋਕ ਸਫ਼ਾਈ ਪਸੰਦ ਨਹੀਂ ਰਹੇ। ਯੂ.ਐਨ.ਓ. ਦੀ ਇਕ ਏਜੰਸੀ ਦੀ ਰਿਪੋਰਟ ਅਨੁਸਾਰ ਮੇਰਾ ਭਾਰਤ ਮਹਾਨ 103 ਨੰਬਰ ਤੇ ਹੈ - ਹੋਰ ਥੱਲੇ ਜਾਣ ਦੀ ਖਦਸ਼ਾ ਹੈ।

ਸਾਇੰਸਦਾਨਾਂ ਨੇ ਸਿੱਧ ਕੀਤਾ ਹੈ ਕਿ ਪ੍ਰਮਾਤਮਾ ਨੇ ਆਪਣਾ ਜਿਸਮ ਗਰਮ ਰਹਿਣ ਵਾਸੇ ਬਣਾਇਆ ਹੈ - ਪਿੰਡਾਂ ਵਿਚ ਆਮ ਕਹਾਵਤ ਹੈ ਕਿ ਕਿਸੇ ਦਾ ਜਿਸਮ ਠੰਡਾ ਹੋ ਗਿਆ ਤਾਂ ਉਸ ਨੂੰ ਥੱਲੇ ਲਾ ਲਓ। ਸਮਾਂ ਬਦਲਣ ਨਾਲ ਲੋਕ ਠੰਡੇ ਹੋਣ ਵਾਸਤੇ ਠੰਢੀਆਂ ਚੀਜ਼ਾਂ ਪਸੰਦ ਕਰਦੇ ਹਨ।

ਨਤੀਜਾ : ਬਿਮਾਰੀਆਂ ਦਾ ਵੱਧਦਾ - ਨਵੇਂ-ਨਵੇਂ ਵਾਇਰਸ ਦਾ ਪੈਦਾ ਹੋਣਾ। ਪਤਾ ਚਲਿਆ ਕਿ ਦੱਸ ਸਾਲ ਦੇ ਬੱਚੇ ਨੂੰ ਦਿਲ ਦਾ ਦੌਰਾ ਪੈ ਗਿਆ। ਬੱਚੇ ਠੀਕ ਅੰਗਾਂ ਨਾਲ ਨਹੀਂ ਪੈਦਾ ਹੋ ਰਹੇ। ਪਿਛਲੇ ਸਮੇਂ ਵਿਚ ਟਾਵੇਂ-ਟਾਵੇਂ ਪਿੰਡਾਂ ਵਿਚ ਪੈਦ ਹੁੰਦੇ ਸਨ, ਹੁਣ ਥਾਂ-ਥਾਂ ਤੇ ਹਸਪਤਾਲ ਖੁੱਲ੍ਹ ਗਏ ਹਨ, ਨਕਲੀ ਦਵਾਈਆਂ ਨੇ ਇਸ ਪੇਸ਼ੇ ਨੂੰ ਹੋਰ ਹੁਲਾਰਾ ਦਿੱਤਾ। ਕੀ ਕੀਤਾ ਜਾਵੇ? ਸਮਝ ਨਹੀਂ ਆ ਰਹੀ। ਸਿਰਫ਼ ਇਕ ਗਾਣਾ ਗਾਉਣ ਨੂੰ ਚਿੱਤ ਕਰਦਾ - ਕੀ ਬਣੂ ਦੁਨੀਆ ਦਾ ਸੱਚੇ ਪਾਤਸ਼ਾਹ ਵਾਹਿਗੁਰੂ ਜਾਣੇ।

**ਮੋ. 98789-57595**

# ਆਤਮ ਵਿਸ਼ਵਾਸ ਦੀ ਮੂਰਤ - ਬੇਬੇ ਨਾਨਕੀ

ਸਿੱਖ ਇਤਿਹਾਸ ਵਿਚ ਨਾਨਕੀ ਨਾਂ ਇਕ ਹੋਰ ਬੀਬੀ ਦਾ ਵੀ ਮਿਲਦਾ ਹੈ ਤੇ ਉਹ ਸੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਪਤਨੀ ਤੇ ਗੁਰੂ ਤੇਗ ਬਹਾਦਰ ਜੀ ਦੀ ਮਾਤਾ 'ਨਾਨਕੀ', ਜਿਸ ਨੂੰ ਮਾਤਾ ਨਾਨਕੀ ਕਰਕੇ ਜਾਣਿਆ ਜਾਂਦਾ ਹੈ, ਪਰ ਇਸ ਤੋਂ ਪਹਿਲਾਂ ਹੋਈ ਨਾਨਕੀ ਨੂੰ ਗੁਰੂ ਨਾਨਕ ਸਾਹਿਬ ਦੀ ਭੈਣ 'ਬੇਬੇ ਨਾਨਕੀ' ਕਰਕੇ ਜਾਣਿਆ ਜਾਂਦਾ ਹੈ। ਆਮ ਤੌਰ 'ਤੇ ਬੇਬੇ ਸ਼ਬਦ ਵੱਡੀ ਭੈਣ ਲਈ ਵਰਤਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਵਿਚ ਲਿਖਦੇ ਹਨ – 'ਉਹ ਗੁਰੂ ਨਾਨਕ ਸਾਹਿਬ ਦੇ ਧਰਮ ਨੂੰ ਧਾਰਨ ਕਰਨ ਵਾਲੀ ਸਭ ਤੋਂ ਪਹਿਲੀ ਸਤਿਕਾਰਯੋਗ ਬੀਬੀ ਸੀ, ਜੋ ਵੀਰ ਨੂੰ ਪੀਰ ਕਰਕੇ ਜਾਣਦੀ ਹੈ।' ਜਦੋਂ ਨਾਨਕ ਨੂੰ ਉਦਾਸੀ ਭੇਖ ਵਿਚ ਵੇਖ ਕੇ ਲੋਕ ਨਾਨਕੀ ਨੂੰ ਕਹਿੰਦੇ ਹਨ ਕਿ ਉਸ ਦਾ ਵੀਰ ਤਾਂ ਫ਼ਕੀਰ ਹੋ ਗਿਆ ਹੈ, ਤਾਂ ਉਹ ਵੀਰ ਪਿਆਰ ਵਿਚ ਰਮੀ ਇਹੀ ਜੁਆਬ ਦੇਂਦੀ ਹੈ ਕਿ ਉਹ ਤਾਂ ਰੱਬੀ ਰੂਹ ਹੈ, ਕੋਈ ਫ਼ਕੀਰ ਨਹੀਂ; ਉਹ ਤਾਂ ਦਾਤਾ ਸਭ ਦੀਆਂ ਝੋਲੀਆਂ ਭਰਨ ਵਾਲਾ ਹੈ। ਕਾਵਿ ਰੂਪ ਵਿਚ ਇਸ ਪਿਆਰ ਨੂੰ ਇਨ੍ਹਾਂ ਸ਼ਬਦਾਂ ਵਿਚ ਪੇਸ਼ ਕੀਤਾ ਹੈ –

**ਮੇਰੇ ਵੀਰ ਨੂੰ ਫ਼ਕੀਰ ਨਾ ਨੀ ਆਖਿਓ**
**ਨੀ ਇਹਨੂੰ ਨਾਨਕੀ ਦਾ ਵੀਰ ਵੀਰ ਆਖਿਓ।**
**ਉਹਨੂੰ ਸੱਚਿਆਂ ਦਾ ਪੀਰ ਪੀਰ ਆਖਿਆ**
**ਉਹਨੂੰ ਰੱਬ ਦਾ ਸੱਚਾ ਵਜ਼ੀਰ ਆਖਿਓ।** **(ਕੁਲਦੀਪ ਕੌਰ ਸਹਿਗਲ)**

ਵੀਰ ਨਾਨਕ ਵਿਚ ਰੱਬੀ ਨੂਰ ਵੇਖਣ ਵਾਲੀ ਇਹ ਬੇਬੇ ਨਾਨਕੀ 555 ਸਾਲ ਪਹਿਲਾਂ ਹੋਈ ਇਕ ਆਤਮ-ਵਿਸ਼ਵਾਸੀ ਨਾਰੀ ਹੈ। ਭਾਵੇਂ ਉਹ ਗੁਰੂ ਨਾਨਕ ਵੀਰ ਤੋਂ ਪੰਜ ਵਰ੍ਹੇ ਵੱਡੀ ਸੀ, ਪਰ ਵੀਰ ਦਾ ਸਤਿਕਾਰ ਦੁਨਿਆਵੀ ਰਿਸ਼ਤੇ ਨਾਲੋਂ ਵਧੇਰੇ ਇਲਾਹੀ ਰਿਸ਼ਤੇ ਵਜੋਂ ਕਰਦੀ ਹੋਈ ਉਨ੍ਹਾਂ ਅੱਗੇ ਸੀਸ ਝੁਕਾਉਂਦੀ, ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਸ਼ੰਸਕ, ਉਤਸ਼ਾਹ ਦੇਣ ਵਾਲੀ ਤੇ ਬਚਪਨ ਤੋਂ ਹੀ ਉਨ੍ਹਾਂ ਨੂੰ ਪਰਮੇਸ਼ਵਰ ਰੂਪ ਵਿਚ ਪਛਾਣਨ ਵਾਲੀ ਸੀ। ਆਪਣੇ ਮਾਪਿਆਂ ਨੂੰ ਨਾਨਕ ਨਾਲ ਸਖ਼ਤੀ ਕਰਨ ਤੋਂ ਵਰਜਦੀ ਹੋਈ ਪੂਰੇ ਮਾਣ ਨਾਲ ਕਹਿੰਦੀ ਹੈ – 'ਨਾਨਕ ਕੋਈ ਇਸ ਜਗਤ ਦਾ ਜੀਵ ਨਹੀਂ, ਖ਼ੁਦਾਈ ਰੂਹ ਹੈ।' ਬੇਬੇ ਨਾਨਕੀ ਤੋਂ ਬਾਅਦ ਦੂਸਰਾ ਮਨੁੱਖ ਸੀ ਰਾਇ ਬੁਲਾਰ, ਜਿਸ ਨੇ ਨਾਨਕ ਦਾ ਨੂਰਾਨੀ ਚਿਹਰਾ ਵੇਖ ਕੇ ਹੀ ਕਾਲੂ ਨੂੰ ਕਿਹਾ – 'ਕਾਲੂ ! ਮਤ ਇਸ ਪੁੱਤਰ ਨੂੰ ਫਿੱਟੇ ਮੂੰਹ ਦੇਂਦਾ ਹੋਵੇਂ; ਇਸ ਦੇ ਸਦਕਾ ਤਾਂ ਮੇਰਾ ਨਗਰ ਵੱਸਦਾ ਹੈ।' ਜਿਹੜਾ ਮਤ ਗੁਰੂ ਨਾਨਕ ਸਾਹਿਬ ਨੇ ਚਲਾਇਆ, ਉਸ ਵਿਚ ਪਹਿਲਾ ਕਦਮ ਰੱਖਣ ਵਾਲੀ ਸੀ ਬੇਬੇ ਨਾਨਕੀ ਤੇ ਦੂਸਰਾ ਰਾਇ ਬੁਲਾਰ।

ਉਸ ਮਹਾਨ ਨਾਰੀ ਬੇਬੇ ਨਾਨਕੀ ਦਾ ਜਨਮ ਮਹਿਤਾ ਕਲਿਆਣ ਦਾਸ (ਕਾਲੂ) ਤੇ ਮਾਤਾ ਤ੍ਰਿਪਤਾ ਦੇ ਘਰ ਸੰਨ 1464 ਈ. ਨੂੰ ਪਿੰਡ ਚਾਹਲ ਜ਼ਿਲ੍ਹਾ ਲਾਹੌਰ ਵਿਖੇ ਨਾਨਕੇ ਘਰ ਹੋਇਆ। ਨਾਨਕੇ ਘਰ ਪੈਦਾ ਹੋਣ ਕਾਰਨ ਉਸ ਦਾ ਨਾਂ ਰੱਖਿਆ ਨਾਨਕੀ। (ਉਦੋਂ ਰਿਵਾਜ਼ ਸੀ ਕਿ ਪਹਿਲਾ ਬੱਚਾ ਪੇਕੇ ਘਰ ਹੁੰਦਾ ਸੀ) ਬੇਬੇ ਨਾਨਕੀ ਦੇ ਆਗਮਨ ਬਾਰੇ ਇਹ ਵੀ ਜ਼ਿਕਰ ਆਉਂਦਾ ਹੈ ਕਿ ਉਹ ਬਹੁਤ ਮਹਾਨ ਸ਼ਖ਼ਸ਼ੀਅਤ ਸਨ, ਉੱਚੀ-ਸੁੱਚੀ ਭਾਵਨਾ ਵਾਲੀ, ਜਿਸ ਨੂੰ ਨਿਰੰਕਾਰ ਨੇ ਪੰਜ ਸਾਲ ਪਹਿਲਾਂ ਇਸ ਦੁਨੀਆ ਵਿਚ ਭੇਜਿਆ, ਤਾਂ ਕਿ ਉਹ ਨਾਨਕ ਨਿਰੰਕਾਰ ਨੂੰ ਬਾਲ-ਰੂਪ ਵਿਚ ਖਿਡਾ ਸਕੇ। ਜੇ ਨਾਨਕ ਗਿਆਨ ਰੂਪ ਸਨ, ਤਾਂ ਬੇਬੇ ਨਾਨਕੀ ਭਗਤੀ ਸਰੂਪ ਸਨ ਤੇ ਭਗਤੀ ਨੇ ਗਿਆਨ ਨੂੰ ਪ੍ਰਗਟ ਕਰਨਾ ਸੀ। ਭਾਈ ਵੀਰ ਸਿੰਘ ਜੀ ਦੇ ਅਨੁਸਾਰ – ਮੁੱਢ ਵਿਚ ਨੂਰੀ ਨਾਨਕ ਨੇ ਪਿਆਰ ਭਰਿਆ ਸ਼ਬਦ ਉਚਾਰਿਆ 'ਬੇਬੇ', ਜੋ ਬੇਬੇ ਨਾਨਕੀ ਦੇ ਨਾਂ ਨਾਲ ਪ੍ਰਚੱਲਿਤ ਹੋਇਆ; ਇਸੇ 'ਬੇਬੇ ਨਾਨਕੀ' ਨੇ ਨਾਨਕ ਵਿੱਚੋਂ ਨਿਰੰਕਾਰ ਨੂੰ ਪਛਾਣਿਆ। ਇਸ ਰਿਸ਼ਤੇ ਉੱਤੇ ਗੁਰਬਾਣੀ ਦੇ ਇਹ ਸ਼ਬਦ ਕਿੰਨੇ ਸਹੀ ਢੁਕਦੇ ਹਨ :-

**ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ॥**
**ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ॥(ਅੰਗ 1185)**

ਕਿਹੋ ਜਿਹਾ ਕੁਦਰਤੀ ਇਤਫ਼ਾਕ ਹੈ ਕਿ ਨਾਨਕੀ ਤੋਂ ਪੰਜ ਸਾਲ ਬਾਅਦ ਜਦੋਂ ਮਾਤਾ ਤ੍ਰਿਪਤਾ ਦੇ ਘਰ ਦੂਜਾ ਬਾਲਕ ਹੋਇਆ ਤਾਂ ਉਸ ਦਾ ਨਾਂ ਨਾਨਕੀ ਦਾ ਵੀਰ 'ਨਾਨਕ' ਰੱਖ ਦਿੱਤਾ ਗਿਆ, ਜਿਸ ਦੇ ਦਰਸ਼ਨ ਕਰਕੇ ਪਹਿਲਾਂ ਦੌਲਤਾਂ ਦਾਈ ਨਿਹਾਲ ਹੋ ਗਈ। ਉਸ ਸਮੇਂ ਦਾ ਦ੍ਰਿਸ਼ ਵੇਖੋ –

**ਵਿੱਚ ਤਲਵੰਡੀ ਚਾਨਣ ਹੋਇਆ**
**ਜਗ ਸਾਰੇ ਵਿਚ ਹੋਈ ਰੁਸ਼ਨਾਈ।**
**ਮਾਂ ਤ੍ਰਿਪਤਾ ਘਰ ਬਾਲਕ ਹੋਇਆ**
**ਦੌਲਤਾਂ ਦਾਈ ਖ਼ਬਰ ਸੁਣਾਈ।**
**ਨੂਰੀ ਚਿਹਰਾ ਨਾ ਤੱਕਿਆ ਅੱਜ ਤੱਕ ਮੈਂ**
**ਇਸ ਨੇ ਮੇਰੀ ਤ੍ਰਿਸ਼ਣਾ ਮਿਟਾਈ।**
**ਮਹਿਤਾ ਕਾਲੂ ਨੂੰ ਦਿਓ ਵਧਾਈਆਂ**
**ਖ਼ੁਦਾਈ ਜੋਤ ਘਰ ਪ੍ਰਗਟ ਆਈ।**
**ਭੈਣ ਨਾਨਕੀ ਵੀਰ ਜੁ ਤੱਕਿਆ**
**ਤੱਕ ਤੱਕ ਖ਼ੁਸ਼ੀ ਸਾਂਭੀ ਨਾ ਜਾਈ।**
**ਤਲਵੰਡੀ ਦੀ ਪਾਵਨ ਧਰਤੀ**
**ਭਾਗਾਂ ਵਾਲੀ ਅੱਜ ਅਖਵਾਈ।**

ਪੰਡਤ ਹਰਦਿਆਲ ਨੇ ਨਾਨਕ ਦੇ ਜਨਮ ਸਮੇਂ ਜੋ ਭਵਿੱਖਬਾਣੀ ਕੀਤੀ ਸੀ, ਉਸ ਦਾ ਪੰਜ ਸਾਲ ਦੀ ਨਾਨਕੀ ਦੇ ਦਿਲ ਦਿਮਾਗ਼ 'ਤੇ ਡੂੰਘਾ ਅਸਰ ਪਿਆ। ਰੱਬੀ ਰੂਪ ਵੀਰ ਨੂੰ ਇੱਕ ਪਲ ਅੱਖੋਂ ਓਹਲੇ ਨਾ ਹੋਣ ਦੇਂਦੀ ਤੇ ਵੱਡੀ ਭੈਣ, ਜੋ ਮਾਂ ਬਰਾਬਰ ਹੁੰਦੀ ਹੈ, ਨਾਨਕ ਦੀ ਪਾਲਣ-ਪੋਸ਼ਣ ਵਾਲੀ ਸਾਰੀ ਉਮਰ ਵੀਰ ਦੇ ਦੁੱਖਾਂ-ਸੁੱਖਾਂ ਦੀ ਭਾਈਵਾਲ ਬਣੀ ਰਹੀ।

ਬੇਬੇ ਨਾਨਕੀ ਨੇ ਬਚਪਨ ਤੋਂ ਵੀਰ ਦੇ ਕੌਤਕ ਵੇਖੇ ਤੇ ਨਾਨਕ ਤੋਂ ਬਲਿਹਾਰੇ ਜਾਂਦੀ, ਲਾਡ ਲਡਾਉਂਦੀ, ਇਕ ਪਲ ਦਾ ਵਸਾਹ ਨਾ ਕਰਦੀ। ਜਦੋਂ ਨਾਨਕ ਨੇ ਪਾਂਧੇ ਕੋਲ ਪੜ੍ਹਨ ਦੀ ਬਜਾਏ ਉਸ ਨੂੰ ਅੱਖਰਾਂ ਦੇ ਮਤਲਬ ਸਮਝਾਏ, ਜਨੇਊ ਦੀ ਅਸਲੀ ਮਹੱਤਤਾ ਦੱਸੀ, ਮੱਝੀਆਂ ਚਾਰਨ ਗਏ ਨੂੰ ਸੱਪ ਨੇ ਛਾਂ ਕੀਤੀ ਅਤੇ ਪਿਤਾ ਕਾਲੂ ਦੇ ਦਿੱਤੇ ਵੀਹ ਰੁਪਏ ਨਾਲ ਸੱਚਾ ਸੌਦਾ ਕਰ ਆਏ, ਭੁੱਖਿਆਂ ਨੂੰ ਭੋਜਨ ਕਰਾ ਕੇ – ਇਹ ਸਾਰੀਆਂ ਗੱਲਾਂ ਕਿਸੇ ਕੌਤਕ ਨਾਲੋਂ ਘੱਟ ਨਹੀਂ ਸਨ, ਜਿਨ੍ਹਾਂ ਨੇ ਬੇਬੇ ਨਾਨਕੀ ਦੇ ਅੰਤਰੀਵ ਮਨ ਉੱਤੇ ਡੂੰਘਾ

ਪ੍ਰਭਾਵ ਪਾਇਆ ਤੇ ਨਾਨਕ ਵਿੱਚੋਂ ਇਲਾਹੀ ਨੂਰ ਦੇ ਦਰਸ਼ਨ ਹੋਏ। ਬੇਬੇ ਨਾਨਕੀ ਦੇ ਮਨੋਭਾਵ ਇਨ੍ਹਾਂ ਸ਼ਬਦਾਂ ਰਾਹੀਂ ਪ੍ਰਗਟ ਕੀਤੇ ਗਏ ਹਨ –

**ਪਾਂਧੇ ਤਾਂਈ ਪੜ੍ਹਾਵਣ ਲੱਗਾ, ਵੇਖੋ ਕਿਹੀ ਰੀਤ ਚਲਾਈ।**
**ਜਨੇਊ ਦੇ ਮਤਲਬ ਸਮਝਾਵੇ, ਹੈਰਾਨ ਕੀਤਾ ਉਸ ਸਭ ਲੋਕਾਈ।**
**ਰਾਇ ਬੁਲਾਰ ਨੇ ਰਮਜ਼ ਪਛਾਣੀ, ਵੇਖਿਆ ਸੱਪ ਨੂੰ ਫ਼ਨ ਫੈਲਾਈ।**
**ਭੁੱਖਿਆਂ ਤਾਈਂ ਰਜਾਵਣ ਖਾਤਰ, ਰਾਸ ਪੂੰਜੀ ਉਸ ਲੇਖੇ ਲਾਈ।**
**ਵੰਡਣ ਲਈ ਉਹ ਆਇਆ ਦਾਤਾਂ, ਨਾਮ ਸੱਚੇ ਦੀ ਦਾਤ ਇਲਾਹੀ।**

ਜਦੋਂ ਪਿਤਾ ਕਾਲੂ ਜੀ ਨੇ ਵੇਖਿਆ ਕਿ ਨਾਨਕ ਵੀਹ ਰੁਪਏ ਨਾਲ ਭੁੱਖਿਆਂ ਨੂੰ ਭੋਜਨ ਕਰਵਾ ਕੇ ਖਾਲੀ ਹੱਥ ਪਰਤ ਆਇਆ ਹੈ, ਨਾਰਾਜ਼ ਹੋਏ, ਥੱਪੜ ਮਾਰਿਆ ਤਾਂ ਬੇਬੇ ਨਾਨਕੀ ਦਾ ਹਿਰਦਾ ਤੜਫ ਉੱਠਿਆ। ਧੀ ਨੇ ਮਾਣ ਨਾਲ ਪਿਤਾ ਨੂੰ ਕਿਹਾ – 'ਇਹ ਰੱਬੀ ਰੂਪ ਹੈ, ਦੁਨਿਆਵੀ ਕੰਮਾਂ ਲਈ ਪੈਦਾ ਨਹੀਂ ਹੋਇਆ।' ਮਾਤਾ ਤ੍ਰਿਪਤਾ ਦਾ ਇਹ ਕਹਿਣਾ, 'ਬੱਚੀਏ, ਨਾਨਕ ਨੂੰ ਸਮਝਾ, ਦਿਨੇ ਰਾਤ ਗੁੰਮ-ਸੁੰਮ ਪਿਆ ਰਹਿੰਦਾ ਹੈ; ਨਾ ਗੱਲਬਾਤ ਕਰਦਾ ਹੈ, ਨਾ ਕੰਮ-ਕਾਰ, ਜਵਾਨ ਪੁੱਤਰ ਹੈ, ਕਿਸੇ ਆਹਰੇ ਲੱਗੇ ਤਾਂ ਭਲਾ।' ਭੈਣ ਨਾਨਕੀ ਅੱਖਾਂ ਵਿਚ ਹੰਝੂ ਭਰ ਕੇ ਬੋਲੀ, 'ਮੇਰਾ ਵੀਰ ਕਮਲਾ ਨਹੀਂ, ਇਹ ਤਾਂ ਜਿਸ ਵੱਲ ਨਜ਼ਰ ਕਰੇ, ਉਹ ਕਮਲੇ ਵੀ ਰਾਜ਼ੀ ਹੋ ਜਾਂਦੇ ਨੇ। ਮੈਂ ਉਮਰ ਵਿਚ ਵੱਡੀ ਹਾਂ, ਪਰ ਉਹ ਮੇਰੇ ਨਾਲੋਂ ਕਿਤੇ ਵੱਡਾ ਹੈ।' ਜੇ ਬੇਬੇ ਨਾਨਕੀ ਵੀਰ ਨੂੰ ਕਹਿੰਦੀ ਕਿ ਮਾਤਾ ਪਿਤਾ ਵੱਲ ਵੇਖੋ, ਤੁਹਾਨੂੰ ਗੁੰਮ-ਸੁੰਮ ਵੇਖ ਕੇ ਦੁਖੀ ਹੁੰਦੇ ਨੇ, ਤਾਂ ਨਾਨਕ ਨਿਮਰਤਾ ਸਹਿਤ ਉੱਤਰ ਦੇਂਦੇ – 'ਇਨ੍ਹਾਂ ਤੋਂ ਵੀ ਵੱਡਾ ਮੇਰਾ ਪਿਤਾ ਹੈ, ਜਿਸ ਨੇ ਜਗਤ ਬਣਾਇਆ ਹੈ, ਉਹ ਜਗਤ-ਦੁਖੀ ਹੈ, ਮੇਰਾ ਕਾਰਜ ਹੈ ਜਗਤ ਵਿਚ ਠੰਡ ਵਰਤਾਉਣੀ।' ਇਹ ਸੁਣ ਕੇ ਭੈਣ ਵੀ ਨਿਰੁੱਤਰ ਹੋ ਜਾਂਦੀ। ਪਰ ਇਤਿਹਾਸ ਗਵਾਹ ਹੈ ਕਿ ਨਾਨਕ ਬੇਬੇ ਨਾਨਕੀ ਦਾ ਕਿਹਾ ਨਾ ਮੋੜਦੇ ਤੇ ਗੰਭੀਰਤਾ ਨਾਲ ਉੱਤਰ ਦੇਂਦੇ – 'ਬੇਬੇ ਜੀ, ਜੋ ਤੂੰ ਆਖੇਂਗੀ, ਸੋ ਮੈਂ ਮੰਨਾਂਗਾ। ਤੁਸੀਂ ਮੇਰੀ ਵੱਡੀ ਭੈਣ ਹੋ, ਤੇਰਾ ਮੇਰਾ ਪਿਛਲੇ ਜਨਮ ਦਾ ਸਾਕ ਆਹਾ – ਭੈਣ ਭਿਰਾਉ ਦਾ। ਜੋ ਕੁਝ ਤੂੰ ਮੂੰਹੋਂ ਆਖੇਂਗੀ, ਮੰਨਾਂਗਾ।' ਜਦੋਂ ਗੁਰੂ ਨਾਨਕ ਸਾਹਿਬ ਧਰਤ ਲੋਕਾਈ ਨੂੰ ਸੋਧਣ ਲਈ ਪਹਿਲੀ ਉਦਾਸੀ 'ਤੇ ਚੱਲੇ, ਤਾਂ ਬੇਬੇ ਨਾਨਕੀ ਕੋਲ ਵਿਦਾਈ ਲੈਣ ਆਏ, ਤਾਂ ਕਿਹਾ – 'ਬੇਬੇ ਜੀ, ਤੁਸੀਂ ਖ਼ਾਤਰ ਜਮ੍ਹਾਂ ਰੱਖੋ। ਜਿਤ ਵੇਲੇ ਤੁਸੀਂ ਯਾਦ ਕਰੋਗੇ, ਤਿਤ ਵੇਲੇ ਤੁਸਾਂ ਪਾਸ ਆਇ ਹਾਜ਼ਰ ਹੋਵਾਂਗੇ।'

ਸਮਾਂ ਪਾ ਕੇ ਨਾਨਕੀ ਜੀ ਦਾ ਵਿਆਹ ਗਿਆਰ੍ਹਾਂ ਸਾਲ ਦੀ ਉਮਰ ਵਿਚ ਉੱਪਲ (ਖੱਤਰੀ) ਭਾਈ ਜੈਰਾਮ ਜੀ ਨਾਲ 1532 ਸੰਮਤ ਨੂੰ ਹੋ ਗਿਆ। (ਮਹਾਨ ਕੋਸ਼) ਜੈਰਾਮ ਜੀ ਪੜ੍ਹੇ ਲਿਖੇ, ਹੁਸ਼ਿਆਰ ਨੌਜਵਾਨ ਸਨ ਤੇ ਨਵਾਬ ਦੌਲਤ ਖਾਂ ਲੋਧੀ ਕੋਲ ਸੁਲਤਾਨਪੁਰ ਵਿਖੇ ਮਾਲ ਮਹਿਕਮੇ ਵਿਚ ਇਕ ਅਧਿਕਾਰੀ ਸਨ। ਦੂਸਰੇ ਪਾਸੇ ਮਹਿਤਾ ਕਾਲੂ ਜੀ ਉਸ ਵੇਲੇ ਰਾਇ ਭੋਇ ਦੀ ਤਲਵੰਡੀ ਦੇ ਪਟਵਾਰੀ ਸਨ। ਇਹ ਸਾਂਝ ਨਾਨਕੀ ਜੀ ਦੇ ਵਿਆਹ ਦੇ ਰੂਪ ਵਿਚ ਪਰਵਾਨ ਚੜ੍ਹੀ ਤੇ ਨਾਨਕੀ ਜੀ ਸਹੁਰੇ ਘਰ ਸੁਲਤਾਨਪੁਰ ਆ ਗਏ, ਪਰ ਭੈਣ ਕੋਲੋਂ ਭਰਾ ਦਾ ਵਿਛੋੜਾ ਸਹਿਣ ਕਰਨਾ ਔਖਾ ਸੀ, ਦੂਸਰਾ ਉਮਰ ਵੀ ਛੋਟੀ ਸੀ। (ਪੁਰਾਤਨ ਜਨਮ ਸਾਖੀਆਂ ਭਾਈ ਬਾਲੇ ਵਾਲੀ ਤੇ ਮਿਹਰਬਾਨ ਵਾਲੀ ਜਨਮ ਸਾਖੀ) ਸੋ ਵੀਰ ਨਾਨਕ ਆ ਕੇ ਭੈਣ ਨਾਨਕੀ ਨੂੰ ਕੁਝ ਸਮੇਂ ਲਈ ਪੇਕੇ ਘਰ ਲੈ ਗਿਆ। ਜਦੋਂ ਕੁਝ ਸਮੇਂ ਬਾਅਦ ਭਾਈ ਜੈਰਾਮ ਜੀ ਮੁਕਲਾਵਾ ਲੈਣ ਸੁਲਤਾਨਪੁਰ ਆਏ, ਤਾਂ ਭੈਣ ਨਾਨਕੀ ਨੇ ਇਹ ਗੱਲ ਪਤੀ ਨਾਲ ਸਾਂਝੀ ਕੀਤੀ ਕਿ ਉਹ ਨਾਨਕ ਵੀਰ ਤੋਂ ਬਿਨਾਂ ਨਹੀਂ ਰਹਿ ਸਕਦੇ, ਕਿਉਂ ਨਾ ਨਾਨਕ ਨੂੰ ਇਥੇ ਲਿਆ ਕੇ ਕਿਸੇ ਕੰਮ-ਕਾਰ 'ਤੇ ਲਾਇਆ ਜਾਏ, ਤਾਂ ਕਿ ਉਨ੍ਹਾਂ ਦਾ ਮਨ ਵੀ ਪਰਚਿਆ ਰਹੇ ਤੇ ਮਾਪੇ ਵੀ ਸੁਰਖਰੂ ਹੋ ਜਾਣ ਕਿ ਪੁੱਤਰ ਕੰਮ-ਕਾਰ ਦੇ ਆਹਰੇ ਲੱਗ ਗਿਆ ਹੈ। ਪਤਨੀ ਨਾਨਕੀ ਦੀ ਗੱਲ ਮੰਨ ਕੇ ਜੈਰਾਮ ਜੀ ਨੇ ਨਾਨਕ ਨੂੰ ਮੋਦੀਖ਼ਾਨੇ ਕੰਮ 'ਤੇ ਲੁਆ ਦਿੱਤਾ। ਭੈਣ ਨਾਨਕੀ ਵੀਰ ਦੀ ਨੇੜਤਾ ਪਾ ਕੇ ਖੁਸ਼ ਸੀ, ਪਰ ਵੀਰ ਤਾਂ ਇਸ ਜੱਗ ਵਿਚ ਕਿਸੇ ਹੋਰ ਹੀ ਕੰਮ ਲਈ ਅਵਤਰਿਤ ਹੋਇਆ ਸੀ। ਮੋਦੀਖਾਨੇ 'ਤੇਰਾ ਤੇਰਾ' ਤੋਲਦੇ, ਪਰ ਸੁਰਤ ਨਿਰੰਕਾਰ ਨਾਲ ਜੁੜ ਜਾਂਦੀ, ਜੋ ਦੁਨਿਆਵੀ ਲੋਕ ਨਾ ਸਮਝਦੇ। ਆਖਿਰ ਉਨ੍ਹਾਂ ਨੇ ਮੋਦੀਖ਼ਾਨੇ ਦੀ ਨੌਕਰੀ ਛੱਡ ਦਿੱਤੀ। ਹੁਣ ਭੈਣ ਨਾਨਕੀ ਨੂੰ ਚਿੰਤਾ ਹੋਈ ਕਿ ਕਿਤੇ ਵੀਰ ਦੂਰ ਨਾ ਚਲਾ ਜਾਏ। ਉਨ੍ਹਾਂ ਨੇ ਪਤੀ ਨਾਲ ਸਲਾਹ ਕਰਕੇ ਨਾਨਕ ਉੱਤੇ ਗ੍ਰਹਿਸਥੀ ਦੀ ਜ਼ਿੰਮੇਵਾਰੀ ਪਾਉਣ ਦੀ ਇੱਛਾ ਨਾਲ ਉਨ੍ਹਾਂ ਦਾ ਵਿਆਹ ਪੱਖੋਕੇ ਰੰਧਾਵੇ ਵਿਖੇ ਮੂਲ ਚੰਦ ਚੋਣੇ ਜੀ ਦੀ ਸਪੁੱਤਰੀ ਸੁਲੱਖਣੀ ਨਾਲ ਕਰਵਾ ਦਿੱਤਾ ਤੇ ਉਨ੍ਹਾਂ ਦੇ ਘਰ ਦੋ ਸਪੁੱਤਰ ਹੋਏ ਅਤੇ ਬਾਬਾ ਸ੍ਰੀਚੰਦ ਜੀ ਨੇ ਉਦਾਸੀ ਪੰਥ ਚਲਾਇਆ।

ਬੇਬੇ ਨਾਨਕੀ ਨੂੰ ਵੀਰ ਨਾਨਕ ਦੇ ਕਾਰਜਾਂ ਤੇ ਬਚਨਾਂ ਉੱਤੇ ਅਟੁੱਟ ਵਿਸ਼ਵਾਸ ਸੀ। ਜਦੋਂ ਇਕ ਦਿਨ ਨਾਨਕ ਜੀ ਵੇਈਂ ਨਦੀ ਵਿਚ ਪ੍ਰਵੇਸ਼ ਕਰਕੇ ਦੋ ਦਿਨ ਬਾਹਰ ਨਾ ਆਏ, ਤਾਂ ਲੋਕ ਕਹਿਣ – 'ਨਾਨਕ ਵੇਈਂ ਵਿਚ ਡੁੱਬ ਗਿਆ ਹੈ, ਪਾਣੀ ਰੋੜ੍ਹ ਕੇ ਲੈ ਗਿਆ ਹੈ' ਪਰ ਨਾਨਕੀ ਦੇ ਬੋਲ ਸਨ – 'ਨਾਨਕ ਕਿਵੇਂ ਡੁੱਬ ਸਕਦਾ ਹੈ, ਉਹ ਤਾਂ ਡੁੱਬਦਿਆਂ ਨੂੰ ਤਾਰਨ ਆਇਆ ਹੈ।' ਅਤੇ ਜਦੋਂ ਤੀਸਰੇ ਦਿਨ ਵੇਈਂ ਨਦੀ ਵਿਚੋਂ ਪ੍ਰਗਟ ਹੋਏ ਨਾਨਕ ਤੇ ਉਚਾਰਨ ਕੀਤਾ 'ਨਾ ਕੋਈ ਹਿੰਦੂ ਨਾ ਮੁਸਲਮਾਨ' ਤਾਂ ਬੇਬੇ ਨਾਨਕੀ ਦੀ ਖੁਸ਼ੀ ਸੰਭਾਲੀ ਨਹੀਂ ਸੀ ਜਾਂਦੀ। ਜਿਹੜੇ ਲੋਕ ਗੱਲਾਂ ਕਰਦੇ ਸਨ ਉਹੀ ਵਧਾਈਆਂ ਦੇ ਕੇ ਝੋਲੀਆਂ ਭਰਨ ਲੱਗੇ। ਨਾਨਕ ਤਾਂ ਧੁਰ ਦਰਗਾਹ ਤੋਂ ਗਰੀਬੀ ਦੀ ਦਾਤ ਲੈ ਕੇ ਆਏ ਸਨ, ਜਿਵੇਂ ਇਕ ਲੇਖਕ ਨੇ ਲਿਖਿਆ ਹੈ –

**ਨਿਰੰਕਾਰ ਦੇ ਦਰ ਤੋਂ ਦਾਤਾਂ ਲੈ ਕੇ ਮੁੜੇ**
**ਤਿੰਨ ਦਿਨਾਂ ਬਾਅਦ**
**ਨੂਰੀ ਪ੍ਰਕਾਸ਼ ਹੋਇਆ**
**ਗਰੀਬੀ ਦੀ ਦਾਤ ਮਿਲੀ।** **(ਮੁਖਵਿੰਦਰ ਸੰਧੂ)**

ਨਾਨਕੀ ਦਾ ਵੀਰ ਨਾਨਕ ਦਰਗਾਹ ਤੋਂ ਲੈ ਕੇ ਆਏ –

**ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ**
**ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥**

ਇਹ ਚੌਦਾਂ ਰਤਨ ਲੈ ਕੇ ਆਇਆ ਨਾਨਕੀ ਦਾ ਵੀਰ, ਧੁਰ ਦਰਗਾਹ ਤੋਂ ਤੇ ਭੈਣ ਨੂੰ ਮਿਲਣ ਵਧਾਈਆਂ। ਪੁਰਾਤਨ ਸਾਖੀਆਂ ਵਿਚ ਜ਼ਿਕਰ ਆਉਂਦਾ ਹੈ ਕਿ ਸੁਲੱਖਣੀ ਦੀ ਮਾਤਾ ਧੀ ਵੱਲ ਵੇਖ ਦੁਖੀ ਹੁੰਦੀ ਤੇ ਇਕ ਵਾਰ ਉਸ ਨੇ ਆ ਕੇ ਨਾਨਕੀ ਨੂੰ ਨਾਨਕ ਬਾਰੇ ਮੰਦਾ ਚੰਗਾ ਬੋਲਿਆ, ਤਾਂ ਵੀਰ-ਪਿਆਰ ਵਿਚ ਮਗਨ ਭੈਣ ਨੇ ਬੜੇ ਪਿਆਰ ਨਾਲ ਉੱਤਰ ਦਿੱਤਾ –

'ਸੁਣਿ ਮਾਸੀ ਜੀ, ਮੈਂ ਭਿਰਾਉ ਤਾਈਂ ਕੀ ਸਮਝਾਵਾਂ। ਭਿਰਾਉ ਮੇਰਾ ਚੋਰ ਨਾਹੀ, ਜਾਰ ਨਾਹੀ, ਜੁਆਰੀ ਨਾਹੀ, ਕੋਈ ਬੁਰਾ ਕੰਮ ਨਹੀਂ ਕਰਦਾ। ਉਹ

ਦਾਨ-ਪੁੰਨ ਕਰਦਾ ਹੈ, ਨੰਗੇ ਭੁੱਖੇ ਨੂੰ ਦੇਂਦਾ ਹੈ, ਤਾਂ ਆਪਣੀ ਖੱਟੀ ਕਮਾਈ ਵਿੱਚੋਂ। ਮੈਂ ਕੀ ਸਮਝਾਵਾਂ?' ਫਿਰ ਉਹ ਕਹਿਣ ਲੱਗੀ ਕਿ ਤੁਹਾਡੀ ਧੀ ਨੂੰ ਕਿਸੇ ਚੀਜ਼ ਦੀ ਤੰਗੀ ਨਹੀਂ, ਰੋਟੀ-ਕੱਪੜਾ-ਗਹਿਣਾ, ਸਾਰੇ ਸੁੱਖ ਦਿੱਤੇ ਹਨ ਮੇਰੇ ਵੀਰ ਨੇ। ਉਹ ਜਿੱਥੇ ਵੀਰ ਨੂੰ ਸਮਝਦੀ ਸੀ, ਉਥੇ ਭਰਜਾਈ ਦੀਆਂ ਭਾਵਨਾਵਾਂ ਨੂੰ ਵੀ ਸਮਝਦੀ ਸੀ। ਉਹ ਰੱਬੀ ਨੂਰ ਨੂੰ ਆਪਣੇ ਮਿਸ਼ਨ ਤੋਂ ਕਿਵੇਂ ਵਰਜ ਸਕਦੀ ਸੀ। ਉਸ ਦਾ ਵੱਸ ਚਲਦਾ ਤਾਂ ਉਹ ਨਾਨਕ ਨੂੰ ਨੌਕਰੀ ਵੀ ਨਾ ਕਰਨ ਦੇਂਦੀ। ਵੀਰ ਨਾਨਕ ਵੀ ਸਮਝਦਾ ਸੀ ਕਿ ਭੈਣ 'ਤੇ ਬੋਝ ਨਹੀਂ ਬਣਨਾ ਚਾਹੀਦਾ, ਸੋ ਨੌਕਰੀ ਕਰ ਲਈ। ਜਦੋਂ ਸੁਲੱਖਣੀ ਜੀ ਨੇ ਸੁਲਤਾਨਪੁਰ ਜਾਣ ਵਾਸਤੇ ਜ਼ੋਰ ਪਾਇਆ, ਤਾਂ ਪਤੀ – ਨਾਨਕ ਕਹਿਣ ਲੱਗੇ – ਪ੍ਰਮੇਸ਼ਰ ਕੀਏ, ਰੁਜ਼ਗਾਰ ਦੀ ਕਾਈ ਬਣਸੀ ਤਾਂ ਸਦਾਇ ਲੈਸਾਂ। ਭੈਣ ਤੇ ਭਾਰ ਨਹੀਂ।' ਭੈਣ ਨਾਨਕੀ ਨੂੰ ਵੀ ਉਨ੍ਹਾਂ ਕਿਹਾ – 'ਬੇਬੇ ਜੀ ਕਿਰਤ ਕਰਕੇ ਖਾਈਏ ਤਾਂ ਦੇਹੀ ਪਵਿਤ੍ਰ ਹੋਇ।' ਵੀਰ ਦੀ ਇਹ ਭਾਵਨਾ ਨੂੰ ਵੇਖਦੇ ਹੋਏ ਬੇਬੇ ਨਾਨਕੀ ਨੇ ਵੀਰ ਨੂੰ ਵੱਡਾ ਖੁੱਲ੍ਹਾ ਘਰ ਦੇ ਦਿੱਤਾ, ਜਿਸ ਨੂੰ ਅੱਜ ਵੀ 'ਗੁਰੂ ਕਾ ਬਾਗ' ਕਹਿੰਦੇ ਹਨ। ਇਥੇ ਹਰ ਜਾਤ, ਧਰਮ, ਫ਼ਿਰਕੇ ਦੇ ਲੋਕ ਸਮੋ ਸਕਦੇ ਹਨ। ਪੁਰਾਤਨ ਜਨਮ ਸਾਖੀ ਵਿਚ ਜ਼ਿਕਰ ਹੈ – 'ਨਾਨਕ ਕੈ ਘਰੁ ਕੇਵਲ ਨਾਮ॥ ਕੋਈ ਹਿੰਦੂ ਮੁਸਲਮਾਨ, ਜੋਗੀ, ਸੰਨਿਆਸੀ, ਤਪੀ-ਜਤੀ, ਬ੍ਰਹਮਚਾਰੀ, ਉਦਾਸੀ, ਗ੍ਰਿਸਤੀ, ਵੈਰਾਗੀ, ਉਮਰਾ ਉਮਰਾਉ, ਕਰੋੜੀਏ, ਭੂਪੀਏ, ਜ਼ਿਮੀਂਦਾਰ ਜੇ ਕੋ ਆਵੈ ਸੋ ਧਰਮ ਪਾਏ।' ਇਹ ਬੇਬੇ ਨਾਨਕੀ ਦੀ ਖੁੱਲ੍ਹ ਦਿਲੀ ਤੇ ਗੁਰੂ ਨਾਨਕ ਸਾਹਿਬ ਦੀ ਦੂਰ-ਦ੍ਰਿਸ਼ਟੀ ਦਾ ਪ੍ਰਮਾਣ ਹੈ, ਜਿੱਥੇ ਸਾਰੇ ਧਰਮਾਂ ਨੂੰ ਇਕੋ ਜਿਹਾ ਸਮਝਿਆ ਜਾਂਦਾ ਹੈ। ਸੰਗਤ-ਪੰਗਤ ਦੀ ਰੀਤ ਵੀ ਇਸੇ ਭਾਈਚਾਰਕ ਸਾਂਝ ਦੀ ਪ੍ਰਤੀਕ ਹੈ। ਅੱਜ ਤੱਕ ਇਹ ਭਾਵਨਾ ਪ੍ਰਚੱਲਿਤ ਹੈ – 'ਬਾਬਾ ਨਾਨਕ ਦਾ ਘਰ ਕਿਹੜਾ, ਜਿਸ ਦਾ ਖੁੱਲ੍ਹਾ ਵਿਹੜਾ।'

ਬੇਬੇ ਨਾਨਕੀ ਜਿੰਨਾ ਪਿਆਰ ਵੀਰ ਨਾਨਕ ਨੂੰ ਕਰਦੇ ਸਨ, ਗੁਰੂ ਨਾਨਕ ਸਾਹਿਬ ਵੀ ਉਨ੍ਹਾਂ ਦਾ ਸਤਿਕਾਰ ਕਰਦੇ ਸਨ। ਜਦੋਂ ਆਪ ਪਹਿਲੀ ਉਦਾਸੀ 'ਤੇ ਜਾਣ ਲੱਗੇ, ਤਾਂ ਸਾਰੇ ਪਰਿਵਾਰ ਨੂੰ ਵੱਖ-ਵੱਖ ਤਰ੍ਹਾਂ ਸਮਝਾਇਆ ਕਿ ਸਾਨੂੰ ਅਕਾਲ ਪੁਰਖ ਦਾ ਹੁਕਮ ਹੈ ਲੋਕਾਈ ਦੇ ਦੁੱਖ ਦੂਰ ਕਰਨ ਜਾਣਾ ਹੈ। ਪਤਨੀ ਨੂੰ ਕਿਹਾ – ਨਿਰੰਕਾਰ ਤੁਹਾਡੀ ਪਾਲਣਾ ਕਰੇਗਾ, ਕੋਈ ਕਮੀ ਨਹੀਂ ਆਉਣ ਦੇਵੇਗਾ।' ਪਰ ਜਦੋਂ ਬੇਬੇ ਨਾਨਕੀ ਦੀਆਂ ਅੱਖਾਂ ਵਿਚ ਹੰਝੂ ਵੇਖੇ ਤਾਂ ਕਹਿਣ ਲੱਗੇ – 'ਵੈਰਾਗ ਕਰ ਰਹੇ ਹੋ, ਪਰ ਮੂੰਹ ਤੋਂ ਕੁਝ ਨਹੀਂ ਬੋਲਦੇ, ਅੱਖਾਂ ਤੋਂ ਸਭ ਨਜ਼ਰ ਆਉਂਦਾ ਹੈ, ਪਰ ਬੇਬੇ ਜੀ ਬਚਨ ਕਰਦੇ ਹਾਂ, ਜਦੋਂ ਯਾਦ ਕਰੋਗੇ, ਹਾਜ਼ਰ ਹੋ ਜਾਇਆ ਕਰਾਂਗੇ।' ਇਕ ਸਾਖੀ ਦੇ ਅਨੁਸਾਰ ਰੋਹੇਲਖੰਡ ਵਿਖੇ ਉਨ੍ਹਾਂ ਨੇ ਮਹਿਸੂਸ ਕੀਤਾ ਡੂੰਘਾ ਵੈਰਾਗਮਈ ਪਿਆਰ – 'ਵੀਰਾ ਦਰਸ਼ਨ ਦੇਈਂ' ਤਾਂ ਮਰਦਾਨੇ ਨੂੰ ਕਹਿਣ ਲੱਗੇ –

**ਮਰਦਾਨਾ ਕੋ ਗਿਰਾ ਇਲਾਹੀ**
**ਚਲ ਸੁਲਤਾਨਪੁਰ ਸੁਧ ਲੀਜੈ**
**ਬੇਬੇ ਜੀ ਕੀ ਖੁਸ਼ੀ ਕਰੀਜੈ।**

ਜਦੋਂ ਸੁਲਤਾਨਪੁਰ ਪਹੁੰਚੇ, ਭੈਣ ਨਾਨਕੀ ਦਰਸ਼ਨ ਕਰਕੇ ਚਰਨਾਂ 'ਤੇ ਮੱਥਾ ਟੇਕਣ ਲੱਗੇ ਤਾਂ ਨਾਨਕ ਨੇ ਪਹਿਲਾਂ ਹੀ ਸਿਰ ਸੰਭਾਲ ਲਿਆ ਤੇ ਕਹਿਣ ਲੱਗੇ – ਤੁਸੀਂ ਵੱਡੀ ਭੈਣ ਹੋ, ਮੈਂ ਤੁਹਾਨੂੰ ਮੱਥਾ ਟੇਕਣਾ ਹੈ, ਤੁਸੀਂ ਨਹੀਂ। ਧੰਨ ਧੰਨ ਭੈਣ ਨਾਨਕੀ। ਤੁਸੀਂ ਜਿਸ ਕਮਰੇ ਵਿਚ ਰਹਿੰਦੇ ਹੋ, ਉਥੋਂ ਨਾਮ ਹੀ ਨਾਮ ਦੀ ਖ਼ੁਸ਼ਬੋ ਆ ਰਹੀ ਹੈ। ਤੁਹਾਡੀ ਮੁਸ਼ੱਕਤ ਥਾਂਏ ਪਈ ਹੈ। (ਭਾਈ ਵੀਰ ਸਿੰਘ ਜੀ) ਅੰਤ ਵਿਚ ਬੇਬੇ ਨਾਨਕੀ ਤੇ ਭਾਈ ਜੈਰਾਮ ਜੀ ਦਾ ਅੰਤਮ ਸਸਕਾਰ ਵੀ ਆਪਣੇ ਹੱਥੀਂ ਕੀਤਾ ਗੁਰੂ ਨਾਨਕ ਸਾਹਿਬ ਨੇ।

ਇਤਿਹਾਸ ਵਿਚ ਇਹ ਵੀ ਜ਼ਿਕਰ ਆਉਂਦਾ ਹੈ ਕਿ ਜਿਹੜੀ ਰਬਾਬ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਭੇਟ ਕੀਤੀ ਸੀ, ਉਸ ਦੀ ਮਾਇਆ ਬੇਬੇ ਨਾਨਕੀ ਕੋਲੋਂ ਦਿਵਾਈ ਸੀ ਤੇ ਕਿਹਾ – 'ਬੇਬੇ ਇਹ ਭੇਟਾ ਰਬਾਬ ਦੀ ਤੁਹਾਡੇ ਕੋਲੋਂ ਇਸ ਲਈ ਦਿਵਾਈ ਹੈ ਕਿ ਜਦੋਂ ਸੁਰ ਨਿਕਲੇ, ਬਾਣੀ ਉਚਾਰੀ ਜਾਏ, ਕੀਰਤਨ ਹੋਏ, ਤਾਂ ਭੈਣ ਦਾ ਨਿੱਘਾ ਪਿਆਰ ਮੇਰੇ ਨਾਲ ਰਵ੍ਹੇ।' ਕਿੰਨਾ ਮਾਣ ਬਖ਼ਸ਼ਿਆ ਸੀ ਭੈਣ ਨਾਨਕੀ ਨੂੰ ਵੀਰ ਨਾਨਕ ਨੇ।

ਬੇਬੇ ਨਾਨਕੀ ਦੀ ਸੂਝ-ਬੂਝ, ਨਿਮਰਤਾ, ਵਿਸ਼ਵਾਸ, ਪਿਆਰ ਤੇ ਦੂਸਅੰਦੇਸ਼ੀ ਸਦਕਾ ਹੀ ਉਨ੍ਹਾਂ ਦਾ ਪੇਕੇ ਘਰ ਤੇ ਸਹੁਰੇ ਘਰ ਪੂਰਾ ਮਾਣ-ਸਨਮਾਨ ਸੀ। ਪਤੀ ਜੈਰਾਮ ਜੀ ਹਰ ਕੰਮ ਵਿਚ ਉਨ੍ਹਾਂ ਦੀ ਸਲਾਹ ਲੈਂਦੇ ਤੇ ਮੰਨਦੇ ਵੀ, ਜਿਵੇਂ ਕਿ ਨਾਨਕ ਵੀਰ ਨੂੰ ਸੁਲਤਾਨਪੁਰ ਲਿਆ ਕੇ ਕੰਮ 'ਤੇ ਲੁਆਉਣਾ ਤੇ ਕੰਮ ਵੀ ਆਦਰ-ਸਤਿਕਾਰ ਵਾਲਾ ਹੋਵੇ। ਜੈਰਾਮ ਜੀ ਦੇ ਸ਼ਬਦ ਹਨ – 'ਬਹੂ ਜੀ ਤੂੰ ਨਾਨਕ ਦੀ ਭੈਣ ਹੈਂ। ਤੈਨੂੰ ਵੀ ਇਸ ਦਾ ਕੁਝ ਅਸਰ ਹੈ, ਅਸੀਂ ਐਵੇਂ ਭਰਮ ਵਿਚ ਭਟਕਦੇ ਹਾਂ। ਧੰਨ ਪਰਮੇਸ਼ਵਰ ਜੀ ਹੈ ਤੇ ਧੰਨ ਨਾਨਕ ਜੀ ਹੈ ਅਤੇ ਧੰਨ ਤੂੰ ਭੀ ਹੈ, ਜੋ ਇਸ ਦੀ ਭੈਣ ਹੈ, ਥੋੜ੍ਹੇ-ਥੋੜ੍ਹੇ ਅਸੀਂ ਵੀ ਧੰਨ ਹਾਂ, ਜੋ ਤੇਰੇ ਨਾਲ ਸਾਡਾ ਸੰਜੋਗ ਹੈ।' ਕਿੰਨਾ ਮਾਨ-ਸਤਿਕਾਰ ਕਰਦੇ ਸਨ ਸਾਰੇ ਬੇਬੇ ਨਾਨਕੀ ਦਾ।

ਇਹ ਇਕ ਸੰਜੋਗ ਕਹਿ ਲਈਏ ਜਾਂ ਭੈਣ-ਭਰਾ ਦਾ ਅੰਤਰੀਵ ਪਿਆਰ ਕਿ ਦੂਸਰੀ ਉਦਾਸੀ ਤੋਂ ਬਾਅਦ ਸਾਲ 1518 ਈ. ਦੇ ਅਖੀਰ ਵਿਚ ਜਦੋਂ ਗੁਰੂ ਨਾਨਕ ਸਾਹਿਬ ਜੀ ਸੁਲਤਾਨਪੁਰ ਪੁੱਜੇ ਤਾਂ ਬੇਬੇ ਨਾਨਕੀ ਦਾ ਅੰਤ ਸਮਾਂ ਜਾਣ ਕੇ ਉੱਥੇ ਹੀ ਰੁਕ ਗਏ। ਬੇਬੇ ਨਾਨਕੀ ਦੇ ਅਕਾਲ ਚਲਾਣੇ ਤੋਂ ਬਾਅਦ ਉਨ੍ਹਾਂ ਨੇ ਆਪਣੇ ਹੱਥੀਂ ਸਸਕਾਰ ਕੀਤਾ। ਕੁਦਰਤੀ ਤੀਸਰੇ ਹੀ ਦਿਨ ਜੀਜਾ ਜੈਰਾਮ ਜੀ ਵੀ ਚੜ੍ਹਾਈ ਕਰ ਗਏ। ਗੁਰੂ ਸਾਹਿਬ ਨੇ ਦੋਹਾਂ ਦੀਆਂ ਅਸਥੀਆਂ ਦਾ ਇਕੱਠੇ ਹੀ ਵੇਈਂ ਨਦੀ ਵਿਚ ਜਲ ਪ੍ਰਵਾਹ ਕੀਤਾ। ਇਹ ਵੇਈਂ ਨਦੀ, ਜਿਸ ਵਿਚ ਚੁੱਭੀ ਲਾ ਕੇ ਗੁਰੂ ਨਾਨਕ ਸਾਹਿਬ ਨੇ ਲੋਕਾਈ ਨੂੰ 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ ਸੰਦੇਸ਼ ਦਿੱਤਾ, ਉਥੇ ਇਹ ਭੈਣ ਭਰਾ ਦੇ ਸੱਚੇ ਸੁੱਚੇ ਪਿਆਰ ਦੀ ਵੀ ਗਵਾਹ ਹੈ, ਜਦੋਂ ਬੇਬੇ ਨਾਨਕੀ ਨੇ ਕਿਹਾ ਸੀ – 'ਮੇਰਾ ਵੀਰ ਕਿਵੇਂ ਡੁੱਬ ਸਕਦਾ ਹੈ, ਉਹ ਤਾਂ ਡੁਬਦਿਆਂ ਨੂੰ ਤਾਰਨ ਆਇਆ ਹੈ।' ਅੰਤਮ ਸਮੇਂ ਇਸੇ ਨਦੀ ਵਿਚ ਬੇਬੇ ਨਾਨਕੀ ਦੀਆਂ ਅਸਥੀਆਂ ਪ੍ਰਵਾਹ ਕੀਤੀਆਂ, ਜਿਸ ਵਿਚੋਂ ਗੁਰੂ ਨਾਨਕ ਸਾਹਿਬ ਗਰੀਬੀ ਦੀ ਦਾਤ ਲੈ ਕੇ ਆਏ ਸਨ। ਅੱਜ ਜਿਥੇ ਸਾਰਾ ਸੰਸਾਰ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਤੇ ਵਿਚਾਰਧਾਰਾ ਅੱਗੇ ਨਤਮਸਤਕ ਹੁੰਦਾ ਹੈ, ਉਥੇ ਸੁਲਤਾਨਪੁਰ ਲੋਧੀ ਵਿਖੇ ਜਿੱਥੇ-ਜਿੱਥੇ ਉਨ੍ਹਾਂ ਦੇ ਚਰਨ ਪਏ, ਉਥੇ ਬਣੇ ਗੁਰਦੁਆਰਿਆਂ ਦੇ ਦਰਸ਼ਨ ਕਰਕੇ ਨਿਹਾਲ ਹੁੰਦਾ ਹੈ, ਉਥੇ ਬੇਬੇ ਨਾਨਕੀ ਦੇ ਅਸਥਾਨ 'ਤੇ ਬਣੇ ਗੁਰਦੁਆਰੇ ਦੇ ਦਰਸ਼ਨ ਕਰਕੇ ਤੇ ਲੰਗਰ ਛਕ ਕੇ ਯਾਤਰਾ ਸੰਪੂਰਨ ਸਮਝੀ ਜਾਂਦੀ ਹੈ ਜਿੱਥੇ ਬੇਬੇ ਨਾਨਕੀ ਜੀ ਨੇ ਜੀਵਨ ਦੇ ਲਗਭਗ 43 ਸਾਲ ਵਸੇਬਾ ਕੀਤਾ।

**ਧੰਨ ਧੰਨ ਬੇਬੇ ਨਾਨਕੀ**
**ਧੰਨ ਧੰਨ ਬੇਬੇ ਨਾਨਕੀ।**

**ਡਾ. ਜਗਦੀਸ਼ ਕੌਰ ਵਾਡੀਆ**

# ਅਗਸਤ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



ਸਰਦਾਰਨੀ ਹਰਪ੍ਰੀਤ ਕੌਰ ਪੇਲੀਆ (ਸਕੱਤਰ)

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ ਜੀਓ,

।। ਵਾਹਿਗੁਰੂ ਜੀ ਕਾ ਖਾਲਸਾ।।
।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਪਿਛਲੇ ਰਿਪੋਰਟ ਦੀ ਲਗਾਤਾਰਤਾ ਵਿੱਚ ਅਗਸਤ 2023 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ :-

ਅਗਸਤ ਮਹੀਨੇ ਦੀ ਕੁੱਲ ਆਮਦਨ (ਰੁਪਏ)-4,31,666/-

ਅਗਸਤ ਮਹੀਨੇ ਦਾ ਕੁੱਲ ਖਰਚ (ਰੁਪਏ)-2,88,969/-

2. **ਲੁਬਾਣਾ ਸੇਵਕ ਮੈਗਜ਼ੀਨ ਬਾਰੇ** - ਹਰ ਮਹੀਨੇ ਦੀ ਤਰ੍ਹਾਂ ਅਗਸਤ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਜੋ ਕਿ ਮੈਗਜ਼ੀਨ ਕਮੇਟੀ ਵਲੋਂ ਪਹਿਲੇ ਹਫ਼ਤੇ ਤਿਆਰ ਕਰਕੇ ਛਪਾਈ ਲਈ ਭੇਜ ਦਿੱਤਾ ਜਾਂਦਾ ਹੈ। ਮੈਗਜ਼ੀਨ ਦੀ ਛਪਾਈ ਵਿੱਚ ਲੁਬਾਣਾ ਬਰਾਦਰੀ ਸੰਬੰਧੀ ਅਤੇ ਚੰਡੀਗੜ੍ਹ ਸਥਿਤ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵਿੱਚ ਹੋ ਰਹੀਆਂ ਗਤੀਵਿਧੀਆਂ ਬਾਰੇ ਮੈਂਬਰ ਸਾਹਿਬਾਨਾਂ ਨੂੰ ਜਾਣੂ ਕਰਵਾਇਆ ਜਾਂਦਾ ਹੈ । ਮੈਗਜ਼ੀਨ ਵਿੱਚ ਪੰਜਾਬ ਹਰਿਆਣਾ ਆਦਿ ਹੋਰ ਇਲਾਕਿਆਂ ਵਿੱਚ ਜੋ ਪ੍ਰੋਗਰਾਮ ਹੁੰਦੇ ਹਨ ਉਹਨਾਂ ਦਾ ਵੇਰਵਾ ਦੇਣ ਦਾ ਪੂਰਾ ਯਤਨ ਕੀਤਾ ਜਾਂਦਾ ਹੈ । ਪਿਛਲੇ ਦਿਨੀ 31 ਅਗਸਤ 2023 ਨੂੰ ਨਡਾਲਾ ਜ਼ਿਲ੍ਹਾ ਕਪੂਰਥਲਾ ਵਿਖੇ ਛੇਵੀਂ ਪਾਤਸ਼ਾਹੀ ਬਾਉਲੀ ਸਾਹਿਬ ਵਿਖੇ "ਗੁਰੂ ਲਾਧੋ ਰੇ" ਦਿਵਸ ਬੜੀ ਸ਼ਰਧਾ ਪੂਰਵਕ ਅਤੇ ਧੂਮਧਾਮ ਨਾਲ ਮਨਾਇਆ ਗਿਆ। ਜਿਸ ਵਿੱਚ ਸੰਗਤਾਂ ਨੇ ਹਜੂਰੀ ਰਾਗੀ ਦਰਬਾਰ ਸਾਹਿਬ ਜੀ ਵਲੋਂ ਕੀਰਤਨ ਸਰਵਣ ਕੀਤਾ, ਕਥਾ ਵਾਚਕ ਵਲੋਂ ਲੁਬਾਣਾ ਇਤਿਹਾਸ ਤੇ ਚਾਨਣਾ ਪਾਇਆ। ਇਸ ਮੌਕੇ ਤੇ ਖੂਨਦਾਨ ਕੈਂਪ ਲਗਾਇਆ ਗਿਆ ਤੇ ਲੋੜਵੰਦਾਂ ਦੀ ਲਗਾਏ ਕੈਂਪ ਵਿੱਚ ਸਹਾਇਤਾ ਕੀਤੀ ਗਈ। ਇਤਿਹਾਸਕ ਪ੍ਰਦਰਸ਼ਨੀ ਲਗਾ ਕੇ ਸੰਗਤ ਨੂੰ ਗੁਰੂ ਸਾਹਿਬਾਂ ਜੀ ਦੀ ਕੁਰਬਾਨੀਆਂ ਤੇ ਚਾਨਣਾ ਪਾਇਆ ਗਿਆ। ਇਸ ਵਿਸ਼ੇਸ਼ ਪ੍ਰੋਗਰਾਮ ਵਿੱਚ ਬੀਬੀ ਜਾਗੀਰ ਕੌਰ ਨੇ ਹਾਜ਼ਰੀਆਂ ਭਰਦੇ ਹੋਏ, ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਬਰਾਦਰੀ ਨੂੰ ਦੇਣ ਬਾਰੇ ਸੰਗਤ ਨੂੰ ਸੰਬੋਧਨ ਕੀਤਾ ਅਤੇ ਸੰਤ ਬਾਬਾ ਪ੍ਰੇਮ ਜੀ ਦੇ ਦੱਸੇ ਮਾਰਗਾਂ ਤੇ ਚੱਲਣ ਬਾਰੇ ਚਾਨਣਾ ਪਾਇਆ। ਸੰਗਤਾਂ ਦਾ ਭਾਰੀ ਇਕੱਠ ਦੇਖ ਕੇ ਬੀਬੀ ਜੀ ਨੇ ਸ਼ਲਾਘਾ ਕਰਦੇ ਹੋਏ ਅੱਗੇ ਵੀ ਸੰਤਾਂ ਦੇ ਪਾਏ ਪੂਰਨਿਆਂ ਤੇ ਚੱਲਣ ਦੀ ਬੇਨਤੀ ਕੀਤੀ।

3. **ਵਰਕਿੰਗ ਕਮੇਟੀ ਦੀ ਮੀਟਿੰਗ ਬਾਰੇ** - ਵਰਕਿੰਗ ਕਮੇਟੀ ਦੀ ਮੀਟਿੰਗ ਜੋ ਕਿ 13 ਅਗਸਤ 2023 ਦਿਨ ਐਤਵਾਰ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਕਾਨਫਰੰਸ ਹਾਲ ਵਿੱਚ ਹੋਈ। ਜਿਸ ਵਿੱਚ ਕਮੇਟੀ ਮੈਂਬਰਾਂ

ਨੇ ਹਾਜ਼ਰੀਆਂ ਭਰਦੇ ਹੋਏ ਵੱਖ-ਵੱਖ ਮੁੱਦਿਆਂ ਤੇ ਵਿਚਾਰ ਵਟਾਂਦਰਾਂ ਕੀਤਾ ਤੇ ਭਵਨ ਵਿਚਲੇ ਰਹਿੰਦੇ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਪ੍ਰਧਾਨ ਜੀ ਵਲੋਂ ਉਨ੍ਹਾਂ ਨੂੰ ਪੂਰਾ ਕਰਨ ਲਈ ਬੇਨਤੀ ਕੀਤੀ ਗਈ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੇ ਜੀਵਨ ਤੇ ਉਨ੍ਹਾਂ ਦੇ ਜਨਮ ਅਤੇ ਅੰਤਿਮ ਸਮੇਂ ਦੇ ਰਿਸਰਚ ਵਾਸਤੇ ਇਕ ਕਮੇਟੀ ਬਣਾਈ ਗਈ ਜਿਨ੍ਹਾਂ ਨੂੰ ਪਾਕਿਸਤਾਨ ਜਾ ਕੇ ਬਾਬਾ ਜੀ ਦੀਆਂ ਸਾਰੀਆਂ ਜਗ੍ਹਾ ਦੀ ਰਿਸਰਚ ਕਰਨ ਉਪਰੰਤ ਉਨ੍ਹਾਂ ਪ੍ਰਤੀ ਮਿਲੀਆਂ ਸੂਚਨਾਵਾਂ ਨੂੰ ਅੰਕਿਤ ਕਰਕੇ ਦਿੱਤਾ ਜਾਵੇਗਾ, ਇਹ ਪਾਸ ਕੀਤਾ ਗਿਆ ਸੀ।

4. **ਅਗਸਤ ਮਹੀਨੇ ਦੀ ਸੰਗਰਾਂਦ ਬਾਰੇ -**

**ਭਾਦੋਂ ਭਰਮ ਭੁਲਾਣੀਆਂ, ਦੂਜੇ ਲਗਾ ਹੇਤ।**

**ਲੱਖ ਸੀਗਾਰ ਬਣਾਇਆ, ਕਾਰਜ ਨਾਹੀ ਕੇਤ।**

ਜੀ ਦੇ ਮਹਾਵਾਕ ਅਨੁਸਾਰ ਅਗਸਤ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਮਨਾਇਆ ਗਿਆ। ਫਾਉਂਡੇਸ਼ਨ ਵਿਖੇ ਮੈਂਬਰ ਸਾਹਿਬਾਨਾਂ ਨੇ ਗੁਰੂ ਘਰ ਵਿਚ ਹਾਜ਼ਰੀਆਂ ਭਰਦੇ ਹੋਏ ਮਹੀਨੇ ਦੀ ਸ਼ੁਰੂਆਤ ਕੀਤੀ। ਹਰ ਵਾਰ ਦੀ ਤਰ੍ਹਾਂ ਵੱਧ ਤੋਂ ਵੱਧ ਸੰਗਤਾਂ ਨੂੰ ਗੁਰੂ ਘਰ ਵਿੱਚ ਪਹੁੰਚਣ ਲਈ ਬੇਨਤੀ ਕੀਤੀ ਗਈ।

5. **ਡੈਂਟਲ ਕਲੀਨਿਕ ਦੀ ਰਿਪੋਰਟ -** ਡੈਂਟਲ ਕਲੀਨਿਕ ਦੀ ਅਗਸਤ ਮਹੀਨੇ ਦੀ ਰਿਪੋਰਟ ਦੇ ਅਨੁਸਾਰ ਡਾਕਟਰ ਅਵਨੀਤ ਬਾਨੀ ਲਾਂਬਾ ਵਲੋਂ ਤਕਰੀਬਨ 35-40 ਡੈਂਟਲ ਮਰੀਜ਼ਾਂ ਨੇ ਡੈਂਟਲ ਸੇਵਾਵਾਂ ਪ੍ਰਾਪਤ ਕੀਤੀਆਂ ਅਤੇ ਅਗਲੇ ਸਮੇਂ ਵਿੱਚ ਹੋਰ ਵਾਧਾ ਹੋਣ ਦੀ ਆਸ ਪ੍ਰਗਟਾਈ।

6. ਭਵਨ ਦੀ ਬੇਹਤਰੀ ਲਈ ਅਤੇ ਭਵਨ ਵਿਚਲੇ ਰੋਜ਼ਮਰਾਂ ਦੇ ਕਾਰਜਾਂ ਨੂੰ ਪੂਰਾ ਕਰਨ ਲਈ ਵੱਖ-ਵੱਖ ਕਰਮਚਾਰੀ ਆਪਣੀ ਪੂਰੀ ਮਿਹਨਤ ਨਾਲ ਕੰਮ ਕਰ ਰਹੇ ਹਨ। ਸਿਕਉਰਿਟੀ ਗਾਰਡ, ਕੇਅਰਟੇਕਰ, ਸਫ਼ਾਈ ਕਰਮਚਾਰੀ ਤੇ ਮੈਨੇਜਰ ਆਪਣੇ ਕਾਰਜਾਂ ਨੂੰ ਠੀਕ ਤਰ੍ਹਾਂ ਨਾਲ ਨਿਭਾ ਰਹੇ ਹਨ। ਗ੍ਰੰਥੀ ਸਿੰਘ ਗੁਰੂ ਘਰ ਵਿਚ ਆਪਣੀ ਡਿਊਟੀ ਸ਼ਰਧਾਪੂਰਵਕ ਨਿਭਾ ਰਹੇ ਹਨ ਅਤੇ ਭਵਨ ਦੀ ਦਿੱਖ ਨੂੰ ਹਰਿਆ ਭਰਿਆ ਰੱਖਣ ਲਈ ਮਾਲੀ ਆਪਣਾ ਕੰਮ ਪੂਰੀ ਮਿਹਨਤ ਅਤੇ ਲਗਨ ਨਾਲ ਕਰ ਰਿਹਾ ਹੈ।

7. **ਅਪੀਲ** - ਪ੍ਰਧਾਨ ਜੀ ਵਲੋਂ ਅਪੀਲ ਕੀਤੀ ਜਾਂਦੀ ਹੈ ਕਿ ਜੋ ਮੈਂਬਰ ਮੈਗਜ਼ੀਨ ਦੀਆਂ ਸੇਵਾਵਾਂ ਸ਼ੁਰੂ ਕਰਵਾਉਣਾ ਚਾਹੁੰਦੇ ਹਨ ਉਹ ਫ਼ਾਉਂਡੇਸ਼ਨ ਦੁਆਰਾ ਜਾਰੀ ਕੀਤੇ ਮੋਬਾਇਲ ਨੰਬਰ ਤੇ ਸੰਪਰਕ ਕਰ ਸਕਦੇ ਹਨ।

# ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

## ਸੇਵਾ ਕਾਲ ਦਾ ਆ.ਗਾਜ਼ ਅਤੇ ਸਰਕਾਰੀ ਕਾਲਜਾਂ ਦੀ ਸੇਵਾ

**ਕਸ਼ਮੀਰ ਯਾਤਰਾ** :- 1953 ਵਿੱਚ ਇਕ ਸੀਨੀਅਰ ਸਟੂਡੈਂਟ ਗੁਰਮੀਤ ਸਿੰਘ (ਹੁਣ ਰਿਟਾ. ਆਈ.ਪੀ.ਐਸ. ਜਾਇੰਟ ਸੈਕਟਰੀ) ਉਸ ਦੇ ਸਹਿਪਾਠੀ ਸਤਵੰਤ ਸਿੰਘ (ਹੁਣ ਰਿਟਾ. ਐਮ.ਡੀ. ਸ਼ੂਗਰ ਮਿਲ ਐਂਡ ਡਿਸਟਿਲਰੀ) ਦੇ ਵੀਰ ਜੀ ਗੁਰਿੰਦਰ ਸਿੰਘ ਸੇਖੋਂ ਹੁਰਾਂ ਨਾਲ ਸਾਨੂੰ ਤਿੰਨ ਚਾਰ ਪ੍ਰੋਫੈਸਰਾਂ ਨੂੰ ਇੱਕ ਵੱਡੀ ਖੁੱਲ੍ਹੀ ਜੀਪ ਵਿੱਚ ਇਸ ਧਰਤੀ ਤੇ ਸਵਰਗ ਕਸ਼ਮੀਰ ਦੀ ਸੈਰ ਲਈ ਲੈ ਗਏ। ਸ੍ਰੀਨਗਰ ਸ਼ਹਿਰ ਵਿੱਚੋਂ ਲੰਘਦੇ ਦਰਿਆ ਜਿਹਲਮ ਦੀ ਇੱਕ ਹਾਊਸ ਬੋਟ ਵਿੱਚ ਠਹਿਰੇ ਸਾਂ। ਕਸ਼ਮੀਰ ਦੀਆਂ ਸਾਰੀਆਂ ਝੀਲਾਂ, ਬਾਗਾਂ, ਪਹਿਲਗਾਮ, ਚੰਦਨਵਾੜੀ, ਗੁਲਮਰਗ ਟੂਰਿਸਟ ਸਥਾਨ ਵੇਖਣ ਲਈ ਗਏ। ਗੁਲਮਰਗ ਤੋਂ ਅੱਗੇ ਬੜੀ ਉੱਚਾਈ ਤੇ ਅਲ ਪੱਥਰ ਲੇਕ ਤੱਕ ਵੀ ਗਏ। ਏਥੇ ਜਾਣ ਲਈ ਹੁਣ ਬਿਜਲੀ ਦੇ ਰਸਿਆਂ ਤੇ ਟਰਾਲੀਆਂ ਚਲਦੀਆਂ ਹਨ। ਉਚਾਈ ਤੇ ਹਵਾ ਵਿੱਚ ਆਕਸੀਜਨ ਘੱਟ ਹੋਣ ਕਾਰਨ ਤਬੀਅਤ ਖਰਾਬ ਹੋਣ ਕਰਕੇ ਇਕ ਦੋ ਜਣੇ ਰਾਹ ਵਿੱਚ ਹੀ ਰਹਿ ਗਏ। ਬਰਫਾਨੀ ਪਹਾੜੀਆਂ ਨਾਲ ਘਿਰੀ ਇਸ ਝੀਲ ਦਾ ਪਿਘਲੀ ਬਰਫ ਦਾ ਸਾਫ ਪਾਣੀ ਧੁਪ ਵਿੱਚ ਲਿਸ਼ਕਾਂ ਮਾਰ ਰਿਹਾ ਸੀ। ਉੱਥੇ ਪਹੁੰਚਣ ਤੇ ਸਾਡੇ ਨਾਲ ਗਏ ਗਿਆਨੀ ਪੰਚਾਇਤ ਅਫਸਰ ਨੇ ਸਾਨੂੰ ਖੂਬ ਹਸਾਇਆ ਇਹ ਕਹਿ ਕੇ ਕਿ ਪਹਾੜਾਂ ਤੇ ਚੜ੍ਹਦੇ-ਚੜ੍ਹਦੇ ਲੱਤਾਂ ਥੱਕ ਟੁੱਟ ਗਈਆਂ ਹਨ ਇਹ ਲੇਕ ਵੇਖਣ ਨੂੰ, ਜਿਸ ਨਾਲੋਂ ਤਾਂ ਉਨ੍ਹਾਂ ਦੇ ਪਿੰਡ ਦਾ ਛੱਪੜ ਜ਼ਿਆਦਾ ਵੱਡਾ ਅਤੇ ਡੂੰਘਾ ਸੀ ਜਿਸ ਵਿੱਚ ਉਹ ਮੱਝਾਂ ਸਮੇਤ ਵੜ ਕੇ ਨਹਾਇਆ ਕਰਦੇ ਸਨ। ਇਸ ਕਾਲਜ ਤੋਂ ਗੌਰਮਿੰਟ ਕਾਲਜ ਲੁਧਿਆਣਾ ਵਿਖੇ ਆਪ ਬਦਲੀ ਕਰਵਾ ਕੇ ਜਾਣ ਵੇਲੇ ਕਾਲਜ ਵਿਦਿਆਰਥੀਆਂ ਅਤੇ ਸ਼ਹਿਰ ਨਿਵਾਸੀਆਂ ਵੱਲੋਂ ਬੜੇ ਪਿਆਰ ਸਤਿਕਾਰ ਨਾਲ ਵਿਦਾਅ ਕੀਤਾ ਗਿਆ। ਵਿਦਾਇਗੀ ਪਾਰਟੀ ਦੀ ਇਕ ਫੋਟੋ 59 ਸਾਲ ਬਾਅਦ ਅਜੇ ਵੀ ਮੇਰੇ ਕੋਲ ਮੌਜੂਦ ਹੈ।

**ਕਪੂਰਥਲੇ ਦੀ ਪਹਿਲੀ ਫੇਰੀ ਦੀਆਂ ਕੁਝ ਯਾਦਾਂ** :- ਕਪੂਰਥਲਾ ਸ਼ਹਿਰ ਦੇ ਪੱਕੇ ਵਸਨੀਕ ਬਣਨ ਤੋਂ ਪਹਿਲਾਂ ਕਾਲਜ ਸਰਵਿਸ ਦੌਰਾਨ ਏਥੋਂ ਦੋ ਵਾਰ ਲੰਮੇ ਸਮੇਂ ਲਈ ਰਹਿਣ ਦਾ ਮੌਕਾ ਮਿਲਿਆ। ਪਹਿਲਾਂ ਜਨਵਰੀ 1952 ਤੋਂ ਜੁਲਾਈ 1959 ਦਾ ਸਮਾਂ ਜੋ ਯਾਦਾਂ ਭਰਪੂਰ ਸੀ। ਏਥੇ ਰਹਿਣ ਲਈ ਜੱਟਪੁਰਾ ਮੁਹੱਲੇ ਵਿੱਚ ਮੁਸਲਮਾਨਾਂ ਦਾ ਖਾਲੀ ਹੋਇਆ ਦੋ ਮੰਜ਼ਿਲਾ 628 ਨੰਬਰ ਮਕਾਨ ਨਾਮ ਮਾਤਰ 4 ਰੁਪਏ ਮਹੀਨਾ ਕਿਰਾਏ ਤੇ ਮਿਲ ਗਿਆ ਜਿਸ ਵਿੱਚ ਬਿਜਲੀ ਆਪ ਲਵਾਈ। ਮੇਰੀ ਧਰਮ ਪਤਨੀ ਸੁਰਜੀਤ ਕੌਰ ਪਿੰਡ ਤੋਂ ਆਉਣ ਲੱਗਿਆਂ ਆਪਣੇ ਦੋ ਬੱਚਿਆਂ ਕਾਕਾ (ਜਗਤਾਰ) ਅਤੇ ਗੁੱਡੀ (ਬਰਿੰਦਰ) ਦੇ ਨਾਲ ਮੇਰੇ ਦੋ ਸੱਕੇ ਅਤੇ ਇਕ ਚਚੇਰਾ ਭਾਈ ਵੀ ਪੜ੍ਹਨ ਲਈ ਏਥੇ ਲੈ ਕੇ ਆਈ। ਇਕ ਦੁੱਧ ਦੇਣ ਵਾਲੀ ਮੱਝ ਵੀ ਨਾਲ ਆਈ। ਜਿਸ ਲਈ ਅਲੱਗ ਕਮਰਾ ਬਣਿਆ ਹੋਇਆ ਸੀ। ਜਗਤਾਰ ਦਾ ਜਨਮ 11.11.1948 ਨੂੰ ਪਿੰਡ ਚਕੁੱਤਬਾ ਨਿਜ਼ਦ ਜ਼ਹੂਰਾ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਬਰਿੰਦਰ ਦਾ ਜਨਮ 1.3.1952 ਨੂੰ ਪਿੰਡ ਭੂਛਾਂ ਤਹਿਸੀਲ ਦਸੂਹਾ ਵਿਖੇ ਹੋਇਆ ਸੀ। ਕਪੂਰਥਲਾ ਵਿਖੇ ਸੁਖ ਨਾਲ ਪਰਿਵਾਰ ਵਿੱਚ ਵਾਧਾ ਹੋਇਆ। ਕੁਕੂ (ਸੁਰਿੰਦਰ) ਨੇ 20.7.1954 ਨੂੰ ਅਤੇ ਬਾਬ (ਜਸਵਿੰਦਰ) ਨੇ 15.07.1956 ਨੂੰ ਏਸੇ ਮਕਾਨ ਵਿੱਚ ਜਨਮ ਲਿਆ।

ਸਾਹਮਣੇ ਘਰ ਦੇ ਇਕ ਜ਼ਿੰਮੀਦਾਰ ਪਰਿਵਾਰ ਦੇ ਮੈਂਬਰ ਸ. ਚਰਨ ਸਿੰਘ ਦੀ ਪਤਨੀ ਚਰਨ ਕੌਰ ਨਾਲ ਮੇਰੀ ਧਰਮ ਪਤਨੀ ਸੁਰਜੀਤ ਕੌਰ ਦਾ ਮੇਲ ਮਿਲਾਪ ਹੌਲੀ-ਹੌਲੀ ਧਰਮ-ਭੈਣਾਂ ਦਾ ਰੂਪ ਅਖਤਿਆਰ ਕਰ ਗਿਆ ਜੋ ਉਸ ਨੇ ਆਖਰੀ ਦਮ ਤੱਕ ਨਿਭਾਇਆ। ਇਨ੍ਹਾਂ ਦੇ ਇਕਲੌਤੇ ਬੇਟੇ ਦਵਿੰਦਰ ਦਾ ਸਾਡੇ ਛੋਟੇ ਬੇਟੇ ਜਸਵਿੰਦਰ ਨਾਲ ਬੜਾ ਪਿਆਰ ਸੀ ਜੋ ਅੱਧ ਵਾਟੇ ਖਤਮ ਹੋ ਗਿਆ। ਰੱਬ ਦਾ ਭਾਣਾ ਵਰਤ ਗਿਆ ਅਤੇ ਦਵਿੰਦਰ ਕਾਂਜਲੀ ਪਿਕਨਿਕ ਸਪਾਟ ਤੇ ਕਾਲੀ ਬਈਂ ਵਿੱਚ ਬੋਟਿੰਗ ਕਰਦਾ ਅਤੇ ਤੈਰਦਾ ਡੁੱਬ ਗਿਆ ਅਤੇ ਸਾਨੂੰ ਸਾਰਿਆਂ ਨੂੰ ਸਦੀਵੀਂ ਵਿਛੋੜਾ ਦੇ ਗਿਆ।

ਸੁਰਜੀਤ ਕੌਰ ਨੂੰ ਉਹਦੀ ਇਕ ਬਚਪਨ ਦੀ ਸਹੇਲੀ ਪੁਸ਼ਪਾ ਦੇਵੀ ਵੀ ਏਥੇ ਹੀ ਮਿਲੀ ਜਿਸ ਦੇ ਪਤੀ ਸ. ਅਵਤਾਰ ਸਿੰਘ ਪੀ.ਐਂਡ.ਟੀ. ਵਿੱਚ ਸੀਨੀਅਰ ਅਕਾਊਂਟਸ ਅਫਸਰ ਸਨ। ਇਹ ਦੋਵੇਂ ਛੋਟੀਆਂ ਹੁੰਦੀਆਂ ਸਹੇਲੀ ਦੇ ਪਿਤਾ ਇਨਸਪੈਕਟਰ ਪੁਲਿਸ ਸ. ਸਰਦਾਰ ਸਿੰਘ ਦੇ ਪਿੰਡ ਰਾਜਾ ਹਰਪਾਲ ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) ਦੇ ਬਾਗ ਵਿੱਚ ਇਕੱਠੀਆਂ ਖੇਡਿਆ ਕਰਦੀਆਂ ਸਨ। ਇਨ੍ਹਾਂ ਦੇ ਬੇਟੇ ਕੁਲਬੀਰ ਸਿੰਘ ਪੀ.ਸੀ.ਐਸ. ਜ਼ਿਲ੍ਹਾ ਤਰਨਤਾਰਨ ਦੇ ਏ.ਡੀ.ਸੀ. ਵਜੋਂ ਸੇਵਾ ਕਰਦੇ ਦੀ ਕਾਰ ਦੁਰਘਟਨਾ ਵਿੱਚ ਮੌਤ ਹੋ ਗਈ ਸੀ। ਰੰਧੀਰ ਕਾਲਜ ਵਿੱਚ ਕਬੱਡੀ ਖਿਡਾਰੀ ਸਰਵਨ ਸਿੰਘ ਬੱਲ ਨੂੰ ਡੀ.ਏ.ਵੀ. ਕਾਲਜ ਜਲੰਧਰ ਤੋਂ ਆਪ ਜਾ ਕੇ ਲਿਆਂਦਾ ਅਤੇ ਕਬੱਡੀ ਦੀ ਟੀਮ ਬਣਾਈ ਜਿਸ ਨੇ ਯੂਨੀਵਰਸਿਟੀ ਮੈਚਾਂ ਵਿੱਚ ਮੱਲਾਂ ਮਾਰੀਆਂ। ਸਰਵਨ ਨੇ ਆਪਣੀ ਅਦੁੱਤੀ ਖੇਡ ਸਦਕਾ ਕੁਮਾਂਤਰੀ ਪੱਧਰ ਤੇ ਨਾਮਨਾ ਖੱਟਿਆ।

ਰੰਧੀਰ ਕਾਲਜ ਦੇ ਇਸ ਸਮੇਂ ਦਾ ਇਕ ਬਹੁਤ ਜ਼ਹੀਨ ਅਤੇ ਹੋਣਹਾਰ ਵਿਦਿਆਰਥੀ ਬਲਦੇਵ ਸਿੰਘ ਧਾਲੀਵਾਲ ਆਪਣੇ ਪਰਿਵਾਰ ਤੇ ਗਮਾਂ ਦਾ ਕਹਿਰ ਢਾਹ ਕੇ ਰਬ ਨੂੰ ਪਿਆਰਾ ਹੋ ਗਿਆ, ਕਦੀ-ਕਦੀ ਬਹੁਤ ਯਾਦ ਆਉਂਦਾ ਹੈ। ਉਹ ਪਿੰਡ ਇੱਬਨ ਦੇ ਵਸਨੀਕ ਅਤੇ ਡੀ.ਸੀ. ਦਫਤਰ ਦੇ ਇਕ ਸੇਵਾਦਾਰ ਦਾ ਬੇਟਾ ਸੀ। ਉਹ ਕਾਲਜ ਵਿੱਚੋਂ ਗਣਿਤ ਦੇ ਏ.ਬੀ. ਕੋਰਸ ਨਾਲ ਬੀ.ਏ. ਪਾਸ ਕਰਕੇ ਇੰਡੀਅਨ ਫਾਰੈਸਟ ਸਰਵਿਸ ਲਈ ਸਿਲੈਕਟ ਹੋ ਗਿਆ ਸੀ। ਟਰੇਨਿੰਗ ਦੌਰਾਨ ਕਿਸੇ ਪਿਕਨਿਕ ਸਪਾਟ ਤੇ ਨਦੀ ਵਿੱਚ ਤੈਰਦਾ ਡੁੱਬ ਗਿਆ ਅਤੇ ਪਰਿਵਾਰ ਦੀਆਂ ਆਸਾਂ ਉਮੀਦਾਂ ਤੇ ਪਾਣੀ ਫੇਰ ਗਿਆ। **(ਚਲਦਾ)**

# ਚੰਦਰਮਾ ’ਤੇ ਪਹੁੰਚਿਆ ਚੰਦਰਯਾਨ-3








**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**ਐਡੀਸ਼ਨਲ ਚੀਫ਼ ਐਡੀਟਰ**
**99153-57524**




ਚੰਦਰਯਾਨ–3 ਸਫ਼ਲਤਾ ਪੂਰਬਕ ਚੰਦਰਮਾ ਦੀ ਸਤ੍ਹਾ ’ਤੇ ਉੱਤਰ ਚੁੱਕਾ ਹੈ, ਜੋ ਕਿ ਭਾਰਤ ਦੀ ਵੱਡੀ ਪ੍ਰਾਪਤੀ ਸਮਝੀ ਜਾ ਰਹੀ ਹੈ। ਭਾਰਤ ਚੰਦਰਮਾ ’ਤੇ ਆਪਣੇ ਦੇਸ਼ ਦਾ ਝੰਡਾ ਲੈ ਕੇ ਜਾਣਾ ਵਾਲਾ ਚੌਥਾ ਮੁਲਕ ਬਣ ਚੁੱਕਾ ਹੈ। ਇਸ ਤੋਂ ਪਹਿਲਾਂ ਰੂਸ, ਅਮਰੀਕਾ, ਚੀਨ ਪਹਿਲਾਂ ਹੀ ਆਪਣੇ ਮਿਸ਼ਨ, ਚੰਦਰਮਾ ’ਤੇ ਭੇਜ ਚੁੱਕੇ ਹਨ। ਭਾਰਤ ਵਰਗੇ ਮੁਲਕ ਦਾ ਵਿਗਿਆਨ ਵੱਲ ਵਧਣਾ ਇਕ ਚੰਗਾ ਸੰਕੇਤ ਹੈ। ਇਸ ਸਾਰੀ ਪ੍ਰਾਪਤੀ ਦਾ ਸਿਹਰਾ ਇਸਰੋ ਨੂੰ ਤੇ ਇਸ ਨਾਲ ਸੰਬੰਧਿਤ ਵਿਗਿਆਨੀਆਂ ਜਾਂ ਕਰਮਚਾਰੀਆਂ ਨੂੰ ਜਾਂਦਾ ਹੈ।

ਚੰਦਰਮਾ ਧਰਤੀ ਦਾ ਇਕਲੌਤਾ ਉੱਪਗ੍ਰਹਿ ਹੈ ਜੋ ਇਸ ਦੁਆਲੇ ਮਹੀਨੇ ਵਿਚ ਇਕ ਚੱਕਰ ਪੂਰਾ ਕਰਦਾ ਹੈ, ਜਿਸ ਨਾਲ ਸਾਡਾ ਕੈਲੰਡਰ ਚਲਦਾ ਹੈ। ਚੰਦਰਮਾ ਦੀ ਰੌਸ਼ਨੀ ਨਾਲ ਫ਼ਸਲਾਂ ਵਿਚ ਰਸ ਭਰਦਾ ਹੈ, ਸਮੁੰਦਰਾਂ ਵਿਚ ਜਵਾਰਭਾਟੇ ਆਉਂਦੇ ਨੇ ਤੇ ਰਾਤਾਂ ਦੇ ਘੁੱਪ ਹਨੇਰੇ ਘਟਦੇ ਹਨ। ਇਸੇ ਕਰਕੇ ਕਦੀ ਅਸੀਂ ਇਸ ਨੂੰ ਚੰਦ ਮਾਮਾ, ਕਦੀ ਚੰਨ ਮਾਹੀ ਤੇ ਕਦੀ ਚੰਨ ਪੁੱਤਰ ਕਹਿ ਕੇ ਵਡਿਆਉਂਦੇ ਹਾਂ। ਖ਼ੂਬਸੂਰਤੀ ਦੀ ਤੁਲਨਾ ਚੰਦਰਮਾ ਨਾਲ ਕੀਤੀ ਜਾਂਦੀ ਰਹੀ ਹੈ। ਧਰਤੀ ਦੇ ਲੋਕ, ਖਾਸ ਕਰਕੇ ਭਾਰਤ ਵਿਚ, ਇਸੇ ਚੰਦਰਮਾ ਨੂੰ ਦੇਵਤਾ ਮੰਨਦੇ ਰਹੇ ਹਨ ਤੇ ਇਸ ਦੀ ਪੂਜਾ ਅਰਚਨਾ ਵੀ ਹੁੰਦੀ ਰਹੀ ਹੈ। ਇਸੇ ਕਰਕੇ ਚੰਦਰ ਗ੍ਰਹਿਣ ਸਮੇਂ ਦਾਨ ਪੁੰਨ ਕੀਤੇ ਜਾਂਦੇ ਰਹੇ ਹਨ ਤੇ ਬਹੁਤ ਸਾਰੀਆਂ ਕਥਾ ਕਹਾਣੀਆਂ ਜਾਂ ਕਰਵਾ ਚੌਥ ਵਰਗੇ ਵਰਤ ਜਾਂ ਫੇਰ ਈਦ ਦਾ ਤਿਉਹਾਰ ਇਸੇ ਚੰਦਰਮਾ ਨਾਲ ਜੋੜ ਕੇ ਦੇਖਿਆ ਜਾਂਦਾ ਰਿਹਾ ਹੈ। ਉਹ ਹੀ ਚੰਦਰਮਾ ਹੁਣ ਸਾਡੀ ਪਹੁੰਚ ਵਿਚ ਆ ਗਿਆ ਹੈ।

ਅਪੋਲੋ 11 ਦੀ ਮੂਨ ਲੈਂਡਿੰਗ ਤੋਂ ਬਾਅਦ 15 ਅਗਸਤ, 1969 ਨੂੰ ਇੰਡੀਅਨ ਸਪੇਸ ਰਿਸਰਚ ਆਰਗੇਨਾਈਜ਼ੇਸ਼ਨ ਦੀ ਸਥਾਪਨਾ ਹੋਈ ਸੀ। ਇਸੇ ਨੂੰ ਅਸੀ ਇਸਰੋ ਕਹਿੰਦੇ ਹਾਂ। ਇਸੇ ਇਸਰੋ ਨੇ ਅੱਜ ਦੱਖਣੀ ਧਰੁਵ ’ਤੇ ਆਪਣਾ ਲੈਂਡਰ ਉਤਾਰ ਦਿੱਤਾ ਹੈ, ਜਿਸ ਨਾਲ ਭਾਰਤ ਦੁਨੀਆ ਦਾ ਪਹਿਲਾ ਮੁਲਕ ਬਣ ਗਿਆ ਹੈ। ਇਸ ਵੱਡੀ ਪ੍ਰਾਪਤੀ ਨਾਲ ਹਰ ਭਾਰਤੀ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ।

1947 ਵਿਚ ਦੇਸ਼ ਨੂੰ ਆਜ਼ਾਦੀ ਮਿਲੀ ਤਾਂ ਬਹੁਤ ਕੁੱਝ ਕਰਨ ਵਾਲਾ ਸੀ। ਦੇਸ਼ ਨੇ ਸੜਕਾਂ, ਡੈਮ, ਹਵਾਈ ਸੇਵਾ, ਰੇਲਵੇ, ਫੈਕਟਰੀਆਂ ਬਣਾਉਣ ਦੇ ਨਾਲ ਨਾਲ ਪੁਲਾੜ ਖੋਜਾਂ ਵੱਲ ਵੀ ਧਿਆਨ ਦਿੱਤਾ। ਸਾਲ 1962 ਵਿਚ ਇੰਡੀਅਨ ਨੈਸ਼ਨਲ ਕਮੇਟੀ ਫਾਰ ਰਿਸਰਚ ਬਣੀ।




ਇਸੇ ਪ੍ਰਕਾਰ 1972 ਵਿਚ ਸਪੇਸ ਕਮਿਸ਼ਨ ਸੈੱਟ ਕਰਕੇ ਇਸਰੋ ਨੂੰ ਇਸ ਦੇ ਅਧੀਨ ਲੈ ਆਂਦਾ। ਉਦੋਂ ਤੋਂ ਹੀ ਇਹ ਸੰਸਥਾ ਮਾਣ ਮੱਤਾ ਕੰਮ ਕਰ ਰਹੀ ਹੈ। 23 ਅਗਸਤ, 2023 ਨੂੰ ਇਹ ਇਤਿਹਾਸ ਇਸਰੋ ਨੇ ਚੰਦਰਮਾ ਦੇ ਦੱਖਣੀ ਧਰੁਵ 'ਤੇ ਉੱਤਰਨ ਦੀ ਪਹਿਲ ਕਦਮੀ ਕਰਕੇ ਰਚਿਆ ਹੈ।

ਇਸਰੋ, ਸਾਲ 2008 ਵਿਚ ਚੰਦਰਯਾਨ-1 ਵੀ ਭੇਜ ਚੁੱਕਾ ਹੈ ਤੇ ਇਸੇ ਵਲੋਂ ਸਾਲ 2019 ਵਿਚ ਚੰਦਰਯਾਨ-2 ਵੀ ਭੇਜਿਆ ਜਾ ਚੁੱਕਾ ਹੈ, ਜਿਸ ਦੀ ਹਾਰਡ ਲੈਂਡਿੰਗ ਹੋਣ ਕਾਰਨ ਉਹ ਉਥੇ ਕਰੈਸ਼ ਹੋ ਗਿਆ ਸੀ। ਇਸ ਤੋਂ ਸੰਸਥਾ ਨੇ ਕਈ ਸਬਕ ਲਏ, ਉਹ ਨਿਰਾਸ਼ ਤਾਂ ਹੋਏ ਪਰ ਹਿੰਮਤ ਨਹੀਂ ਹਾਰੀ। ਦੇਸ਼ ਦੀ ਸਰਕਾਰ ਨੇ ਵੀ ਇਨ੍ਹਾਂ ਵਿਗਿਆਨੀਆਂ ਨੂੰ ਭਰਪੂਰ ਸਹਿਯੋਗ ਦਿੱਤਾ। ਇਹ ਚੰਦਰਯਾਨ-3 ਉਸੇ ਮਿਸ਼ਨ ਦੀ ਅਗਲੀ ਕੜੀ ਸੀ, ਜਿਸ ਨੂੰ 14 ਜੁਲਾਈ, 2023 ਨੂੰ ਸ਼ੁੱਕਰਵਾਰ ਵਾਲੇ ਦਿਨ ਸਤੀਸ਼ ਧਵਨ ਅੰਤਰਿਕਸ਼ ਕੇਂਦਰ ਹਰੀਕੋਟਾ (ਆਂਧਰਾ ਪ੍ਰਦੇਸ਼) ਤੋਂ 2.35 'ਤੇ ਛੱਡਿਆ ਗਿਆ ਤੇ ਇਹ 23 ਅਗਸਤ, 2023 ਨੂੰ ਵੱਖੋ ਵੱਖਰੇ ਪੜਾਵਾਂ ਚੋਂ ਹੁੰਦਾ ਹੋਇਆ, ਭਾਰਤੀ ਸਮੇਂ ਅਨੁਸਾਰ, ਸ਼ਾਮ ਦੇ 6.04 ਵਜੇ ਸਫ਼ਲਤਾ ਪੂਰਬਕ ਦੱਖਣੀ ਧਰੁਵ 'ਤੇ ਉੱਤਰ ਗਿਆ।

ਇਸ ਨੂੰ ਨੇਪਰੇ ਚਾੜ੍ਹਨ ਲਈ ਭਾਰਤ ਵਲੋਂ ਵੱਖਰੀ ਤਕਨੀਕ ਵਰਤੀ ਗਈ, ਜਿਸ ਵਿਚ ਕੁਦਰਤੀ ਸਰੋਤ ਵਧੇਰੇ ਵਰਤੇ ਗਏ। ਜਿਵੇਂ ਪਹਿਲੇ ਪੜਾਅ ਵਿਚ ਬੂਸਟਰ ਰਾਕਟ ਦੀ ਮਦਦ ਨਾਲ ਚੰਦਰਯਾਨ ਨੂੰ ਧਰਤੀ ਦੇ ਗ੍ਰਹਿਪੰਧ ਤੱਕ ਭੇਜਿਆ ਗਿਆ। ਫੇਰ ਚਾਰ ਇੰਜਣਾਂ ਵਾਲੇ ਥਰੱਸਟਰ ਦੇ ਸਹਿਯੋਗ ਨਾਲ ਚੰਦਰਮਾ ਦੀ ਗਰੂਤਾ ਤੱਕ ਪਹੁੰਚਾਇਆ ਗਿਆ। ਕਦੀ ਧਰਤੀ ਦੀ ਗਰੂਤਾ ਤੇ ਕਦੀ ਚੰਦਰਮਾ ਦੀ ਗਰੂਤ ਦਾ ਸਹਿਯੋਗ ਲੈਂਦਾ ਇਹ ਮੌਡਿਊਲ ਆਪਣੇ ਪੜਾਅ ਵੱਲ ਵਧਦਾ ਰਿਹਾ।

ਇਸ ਮਿਸ਼ਨ ਦੇ ਆਖਰੀ ਪੰਦਰਾਂ ਮਿੰਟਾਂ ਦਾ ਬਹੁਤ ਮੁਸ਼ਕਿਲ ਸਮਾਂ ਸੀ, ਜਦੋਂ ਲੈਂਡਰ ਨੇ ਚੰਦਰਮਾ 'ਤੇ ਉੱਤਰਨਾ ਸੀ। ਇਸ ਦੀ ਗਤੀ ਨੂੰ ਬਹੁਤ ਘਟਾ ਲਿਆ ਗਿਆ ਸੀ। ਸਾਰੇ ਭਾਰਤ ਵਾਸੀ ਅਤੇ ਇਸਰੋ ਵਿਗਿਆਨੀ ਇਸ ਪ੍ਰਕਿਰਿਆ ਨੂੰ ਸਾਹ ਰੋਕ ਕੇ ਸਿੱਧੇ ਪ੍ਰਸਾਰਨ ਰਾਹੀਂ ਦੇਖ ਰਹੇ ਸਨ। ਇਸ ਵਾਰ ਸਾਫਟ ਲੈਂਡਿੰਗ ਹੋਣੀ ਬਹੁਤ ਜ਼ਰੂਰੀ ਸੀ, ਜਿਸ ਨੇ ਦੇਸ਼ ਦੇ ਕੱਦ ਨੂੰ ਉੱਚਾ ਕਰਨਾ ਸੀ।

ਇਸ ਮਿਸ਼ਨ ਦਾ ਮੁੱਖ ਮਕਸਦ ਚੰਦਰਮਾ ਦੀ ਹਨੇਰੀ ਸਤ੍ਹਾ ਨੂੰ ਖੋਜਣਾ ਤੇ ਖਣਿੱਜਾਂ ਨੂੰ ਲੱਭਣਾ ਹੈ। ਹਨੇਰੇ ਪਾਸੇ 14 ਦਿਨ ਹਨੇਰਾ ਤੇ 14 ਦਿਨ ਰੋਸ਼ਨੀ ਰਹਿੰਦੀ ਹੈ। ਇਸੇ ਕਰਕੇ ਇਸ ਨੂੰ ਚਾਨਣ ਪੱਖ ਦੇ ਪਹਿਲੇ ਹੀ ਦਿਨ, ਚੜ੍ਹਦੇ ਸੂਰਜ ਦੇ ਨਾਲ ਹੀ ਉਤਾਰਿਆ ਗਿਆ ਹੈ ਤਾਂ ਕਿ ਲੈਂਡਰ ਨਾਲੋਂ ਵੱਖ ਹੋਇਆ ਰੋਵਰ ਸੋਲਰ ਪੈਨਲਾਂ ਤੋਂ ਪੂਰੀ ਊਰਜਾ ਲੈ ਕੇ ਆਪਣਾ ਕੰਮ ਆਰੰਭ ਸਕੇ। ਪਾਣੀ, ਖਣਿਜ ਜਾਂ ਜੇ ਕੋਈ ਹੋਰ ਨਵੀਂ ਜਾਣਕਾਰੀ ਮਿਲੇਗੀ ਤਾਂ ਭਾਰਤ ਉਸ ਨੂੰ ਦੁਨੀਆਂ ਦੇ ਦੂਸਰੇ ਦੇਸ਼ਾਂ ਨਾਲ ਸਾਂਝੀ ਕਰੇਗਾ। ਇਸ ਮਿਸ਼ਨ ਦਾ ਇਕ ਹੋਰ ਵੱਡਾ ਮਕਸਦ ਇਹ ਵੀ ਹੈ ਚੰਦਰਮਾ ਦੀ ਸਤ੍ਹਾ, ਤੇ ਵਧੇਰੇ ਮਨੁੱਖਾਂ ਦਾ ਉਤਾਰਾ ਕਰਵਾਉਣਾ ਅਤੇ ਰਹਿਣ ਦੇ ਹਾਲਾਤ ਪੈਦਾ ਕਰਨੇ। ਤਾਂ ਕਿ ਜੇ ਭਵਿੱਖ ਵਿਚ ਧਰਤੀ ਨਾਲ ਕੋਈ ਬਹੁਤ ਵੱਡਾ ਹਾਦਸਾ ਵਾਪਰ ਜਾਂਦਾ ਹੈ ਤਾਂ ਮਨੁੱਖੀ ਨਸਲ ਨੂੰ ਬਚਾਇਆ ਜਾ ਸਕੇ।

ਜੇ ਮਨੁੱਖ ਚੰਦਰਮਾ 'ਤੇ ਵਾਤਾਵਰਨ ਦੀ ਅਣਹੋਂਦ ਕਾਰਨ ਰਹਿ ਨਹੀਂ ਸਕੇਗਾ ਤਾਂ ਮੰਗਲ ਗ੍ਰਹਿ ਤੱਕ ਪੁੱਜਣ ਲਈ ਚੰਦਰਮਾ ਨੂੰ ਇਕ ਪੜਾਅ ਵਜੋਂ ਤਾਂ ਵਰਤਿਆ ਜਾ ਸਕਦਾ ਹੈ। ਇਸ ਦੀਆਂ ਧਾਤਾਂ ਧਰਤੀ ਲਈ ਵਰਤੀਆਂ ਜਾ ਸਕਦੀਆਂ ਨੇ। ਚੰਦਰਮਾ ਕੋਲ ਕੋਈ ਆਪਣੀ ਰੌਸ਼ਨੀ ਨਹੀਂ ਹੈ। ਇਹ ਸ਼ੀਸ਼ੇ ਵਾਂਗ ਕੰਮ ਕਰਦਾ ਹੈ। ਜਿਵੇਂ ਸ਼ੀਸ਼ੇ ਦੀ ਲਿਸ਼ਕੋਰ ਪੈਂਦੀ ਹੈ ਇਸੇ ਪ੍ਰਕਾਰ ਇਹ ਸੂਰਜੀ ਕਿਰਨਾਂ ਸੋਖਣ ਦੀ ਬਜਾਏ ਧਰਤੀ ਵੱਲ ਪਰਤਾ ਦਿੰਦਾ ਹੈ। ਕਿਉਂਕਿ ਚੰਦਰਮਾ ਪਾਸ ਕਿਰਨ ਨੂੰ ਸੋਖਣ ਤੇ ਸਾਂਭਣ ਲਈ ਵਾਤਾਵਰਨ ਨਹੀਂ ਹੈ। ਇਸੇ

ਪ੍ਰਤਾਵੀ ਊਰਜਾ ਨਾਲ ਸਾਡੀਆਂ ਫ਼ਸਲਾਂ ਵਿਚ ਰਸ ਪੈਂਦਾ ਹੈ ਤੇ ਸਮੁੰਦਰ ਖੌਲਦੇ ਨੇ। ਚੰਦਰਮਾ ਦਾ ਸਿਰਫ਼ ਇਕ ਪਾਸਾ ਹੀ ਧਰਤੀ ਵੱਲ ਰਹਿੰਦਾ ਹੈ। ਜਿਸ ਪਾਸੇ ਚੰਦਰਯਾਨ-3 ਉੱਤਰਿਆ ਹੈ, ਉਹ ਪਾਸਾ ਤਾਂ ਧਰਤ ਦੇ ਮਨੁੱਖ ਨੇ ਅਜੇ ਤੱਕ ਦੇਖਿਆ ਹੀ ਨਹੀਂ।

ਚੰਦਰਮਾ ਦੀ ਦੂਰੀ ਧਰਤੀ ਤੋਂ ਵਧਦੀ ਘਟਦੀ ਰਹਿੰਦੀ ਹੈ। ਵੱਧ ਦੂਰੀ ਨੂੰ ਅਪੋਜੀ ਤੇ ਘੱਟ ਦੂਰੀ ਨੂੰ ਪੈਰੀਜੀ ਕਿਹਾ ਜਾਂਦਾ ਹੈ। ਵੱਧ ਤੋਂ ਵੱਧ ਦੂਰੀ ਚਾਰ ਲੱਖ ਚੁਰੰਜਾ ਸੌ ਕਿਲੋਮੀਟਰ ਜਾਂ ਚਾਰ ਲੱਖ ਸਤਾਹਟ ਹਜ਼ਾਰ ਕਿਲੋਮੀਟਰ ਤੱਕ ਰਹਿੰਦੀ ਹੈ ਜਦ ਕਿ ਘੱਟ ਤੋਂ ਘੱਟ ਤਿੰਨ ਲੱਖ ਬਾਹਟ ਹਜ਼ਾਰ ਤੋਂ ਤਿੰਨ ਲੱਖ ਛਪੰਜਾ ਹਜ਼ਾਰ ਤੱਕ ਰਹਿੰਦੀ ਹੈ। ਚੰਦਰਯਾਨ-3 ਨੇ ਘੱਟ ਤੋਂ ਘੱਟ ਦੂਰੀ ਵਾਲਾ ਸਮਾਂ ਚੁਣਿਆ ਅਤੇ ਉਹ ਸਮਾਂ ਵੀ ਚੁਣਿਆ ਜਿਸ ਨਾਲ ਡਾਰਕ ਸਾਈਡ 'ਤੇ ਦਿਨ ਦਾ ਚਾਨਣ ਹੋਵੇ, ਤਾਂ ਕਿ ਲੈਂਡਰ ਤੇ ਰੋਵਰ ਨਿਰਵਿਘਨ ਕੰਮ ਕਰ ਸਕਣ। ਵੈਸੇ ਧਰਤੀ ਤੋਂ ਚੰਦਰਮਾ ਦੀ ਔਸਤ ਦੂਰੀ ਤਿੰਨ ਲੱਖ ਚੁਰਾਸੀ ਹਜ਼ਾਰ ਤਿੰਨ ਸੌ ਨੜਿੱਨਵੇਂ ਕਿਲੋਮੀਟਰ ਹੈ। ਜਿੱਥੋਂ ਤੱਕ ਪਹੁੰਚਣ ਲਈ ਚੰਦਰਯਾਨ ਨੂੰ ਮਹੀਨੇ ਤੋਂ ਉੱਪਰ ਦਾ ਸਮਾਂ ਲੱਗ ਗਿਆ, ਕਿਉਂਕਿ ਅੱਗੇ ਵਧਣ ਲਈ ਇਹ ਬਦਲਦੇ ਗ੍ਰਹਿਪੰਧਾਂ ਦਾ ਸਹਾਰਾ ਲੈਂਦਾ ਹੋਇਆ, ਇਹ ਆਪਣੀ ਅਗਲੀ ਮੰਜ਼ਿਲ ਵੱਲ ਵਧਦਾ ਰਿਹਾ, ਜੋ ਕਿ ਬਹੁਤ ਮੁਸ਼ਕਿਲ ਕੰਮ ਸੀ।

ਚੰਦਰਮਾ 'ਤੇ ਹੁਣ ਤੱਕ ਮਨੁੱਖ ਦੇ ਸੱਤ ਉਤਾਰੇ ਹੋ ਚੁੱਕੇ ਹਨ ਤੇ ਆਖਰੀ ਮਨੁੱਖੀ ਮਿਸ਼ਨ ਅਪੋਲੋ 17 ਰਾਹੀਂ 1972 ਵਿਚ ਹੋਇਆ ਸੀ। ਦੱਖਣੀ ਧਰੁਵ 'ਤੇ ਹੁਣ ਤੱਕ ਕਿਸੇ ਦੇਸ਼ ਦਾ ਕੋਈ ਲੈਂਡਰ ਨਹੀਂ ਉੱਤਰਿਆ ਤੇ ਚੰਦਰਯਾਨ-3 ਨੇ ਹੀ ਇਹ ਇਤਿਹਾਸ ਰਚਿਆ ਹੈ।

ਚੰਦਰਮਾ ਦੀਆਂ ਚਟਾਨਾਂ ਕੋਲ ਬਹੁਤ ਸਾਰੀ ਆਕਸੀਜਨ ਹੈ ਪਰ ਇਹ ਖ਼ਲਾਅ ਵਿਚ ਠਹਿਰ ਨਹੀਂ ਸਕਦੀ। ਸੂਰਜ ਵਾਲੇ ਪਾਸੇ ਦਾ ਤਾਪਮਾਨ ਬਹੁਤ ਗਰਮ ਹੈ, ਜੋ + 127 ਡਿਗਰੀ ਤੱਕ ਪਹੁੰਚ ਜਾਂਦਾ ਹੈ। ਹਨੇਰੇ ਪਾਸੇ ਜਿਧਰ ਚੰਦਰਯਾਨ-3 ਉੱਤਰਿਆ ਹੈ, ਬਹੁਤ ਜ਼ਿਆਦਾ ਠੰਢ ਹੈ ਤੇ ਤਾਪਮਾਨ-173 ਡਿਗਰੀ ਤੱਕ ਪਹੁੰਚ ਜਾਂਦਾ ਹੈ। ਅਜਿਹੀਆਂ ਹਾਲਤਾਂ ਵਿਚ ਰੋਵਰ ਦਾ ਕੰਮ ਕਰਨਾ ਚੁਣੌਤੀਆਂ ਭਰਪੂਰ ਹੋ ਸਕਦਾ ਹੈ। ਚੰਦਰਮਾ ਜਿੰਨਾ ਸਮਾਂ ਧਰਤੀ ਦੁਆਲੇ ਚੱਕਰ ਕੱਟਣ ਨੂੰ ਲਾਉਂਦਾ ਹੈ, ਓਨਾ ਹੀ ਸਮਾਂ ਆਪਣੀ ਧੁਰੀ ਦੁਆਲੇ ਘੁੰਮਣ ਨੂੰ ਵੀ ਲਾਉਂਦਾ ਹੈ, ਤਾਂ ਹੀ ਡਾਰਕ ਸਾਈਡ ਕਦੇ ਵੀ ਧਰਤੀ ਵੱਲ ਨਹੀਂ ਆਉਂਦੀ। ਚੰਦਰਯਾਨ-3 ਦੇ ਰੋਵਰ ਤੇ ਲੈਂਡਰ ਨੂੰ ਡਿਜ਼ਾਈਨ ਕਰਨ ਸਮੇਂ ਇਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਰੱਖਿਆ ਗਿਆ ਹੈ ਤੇ ਉਸ ਤਰ੍ਹਾਂ ਦੀਆਂ ਸ਼ੀਲਡਾਂ ਜਾਂ ਪੈਨਲ ਵਰਤੇ ਗਏ ਹਨ ਜੋ ਵਾਤਾਵਰਨ ਦੇ ਨਾਂਹ-ਪੱਖੀ ਪ੍ਰਭਾਵਾਂ ਤੋਂ ਇਸ ਨੂੰ ਬਚਾ ਸਕਣ ਅਤੇ ਕੈਮਰੇ ਚਲਦੇ ਰਹਿ ਸਕਣ।

ਚੰਦਰਮਾ ਹੌਲੀ ਹੌਲੀ ਧਰਤੀ ਤੋਂ ਦੂਰ ਜਾ ਰਿਹਾ ਹੈ, ਇਹ ਦੂਰੀ ਵਧਣ ਨਾਲ ਧਰਤੀ 'ਤੇ ਮਹੀਨੇ ਤਾਂ ਲੰਬੇ ਹੋਣਗੇ ਹੀ ਤੇ ਹੋਰ ਵੀ ਕਈ ਤਰ੍ਹਾਂ ਦੇ ਪ੍ਰਭਾਵ ਪੈ ਸਕਦੇ ਹਨ ।ਹਰ ਸੌ ਸਾਲ ਬਾਅਦ ਇਹ ਦੂਰੀ ਵਧਣ ਕਰਕੇ ਧਰਤੀ ਦੀ ਸਪੀਡ 2.3 ਮਿਲੀਸੈਕਿੰਡ ਦੇ ਹਿਸਾਬ ਨਾਲ ਘਟ ਰਹੀ ਹੈ।ਅਜਿਹੀਆਂ ਹੋਰ ਵੀ ਅਨੇਕਾਂ ਖੋਜਾਂ ਨੇ ਜੋ ਵਿਗਿਆਨੀਆਂ ਨੇ, ਨਾਸਾ, ਇਸਰੋ ਜਾਂ ਈਸਾ ਵਰਗੀਆਂ ਏਜੰਸੀਆਂ ਨੇ ਅਜੇ ਕਰਨੀਆਂ ਹਨ। ਭਾਰਤ ਆਪਣੀਆਂ ਪੁਰਾਣੀਆਂ ਰਿਵਾਇਤਾਂ ਨੂੰ ਕਾਇਮ ਰੱਖਦਾ ਹੋਇਆ ਇਨ੍ਹਾਂ ਖੋਜਾਂ ਦਾ ਮੋਹਰੀ ਬਣ ਸਕਦਾ ਹੈ।

ਅੱਜ ਭਾਰਤ ਦੇ ਸਾਰੇ ਨਾਗਰਿਕ ਇਸ ਪ੍ਰਾਪਤੀ ਲਈ ਵਧਾਈ ਦੇ ਹੱਕਦਾਰ ਹਨ। ਸਾਡੇ ਵਲੋਂ ਸਮੂਹ ਭਾਰਤ ਵਾਸੀਆਂ ਨੂੰ, ਇਸਰੋ ਵਿਗਿਆਨੀਆਂ ਨੂੰ ਬਹੁਤ ਬਹੁਤ ਮੁਬਾਰਕਵਾਦ, ਜਿਨ੍ਹਾਂ ਦੇਸ਼ ਨੂੰ ਵਿਗਿਆਨ ਦੀਆਂ ਰਾਹਾਂ ਵੱਲ ਤੋਰਨ ਦਾ ਯਤਨ ਕੀਤਾ ਹੈ।

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**
**E-mail:bslubana187@gmail.com**
**M.: 98155-40240**

# ਪੰਜਾਬ ਦਾ ਪੀਰ ਬਾਬਾ ਵਾਰਿਸ ਸ਼ਾਹ ਅਤੇ ਉਸ ਦੀ 'ਹੀਰ'

**ਡਾ. ਹਰਚੰਦ ਸਿੰਘ ਸਰਹਿੰਦੀ**

ਅਠਾਰ੍ਹਵੀਂ ਸਦੀ ਵਿਚ ਪੰਜਾਬੀ ਬੋਲੀ ਤੇ ਸੱਭਿਆਚਾਰ ਦਾ ਮਹਾਨ ਸਰਪ੍ਰਸਤ ਤੇ ਲਾਸਾਨੀ ਸ਼ਾਇਰ, ਬਾਬਾ ਵਾਰਿਸ ਸ਼ਾਹ, ਪੰਜਾਬੀ ਸਾਹਿਤ ਦਾ ਉਹ ਅਮਿੱਟ ਹਸਤਾਖ਼ਰ ਹੈ ਜਿਸ ਦੀ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਬਰਾਬਰ ਦੀ ਪੁੱਛ ਪ੍ਰਤੀਤ ਹੈ। ਉਸ ਦੀ ਹਰ ਦਿਲ ਅਜੀਜ਼ੀ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉਸ ਦੀ ਸ਼ਾਹਕਾਰ ਰਚਨਾ 'ਹੀਰ' ਨੂੰ ਪੜ੍ਹਨ ਤੇ ਸੁਣਨ ਦੀ ਚੇਟਕ ਵਿਚ ਕਦੇ ਖੜੋਤ ਨਹੀਂ ਆਈ। ਹੁਣ ਤੱਕ ਘੱਟੋ-ਘੱਟ 120 ਕਿੱਸਾਕਾਰ ਹੀਰ-ਰਾਂਝੇ ਦੀ ਪ੍ਰੇਮ ਕਹਾਣੀ ਉੱਤੇ ਕਲਮ-ਅਜ਼ਮਾਈ ਕਰ ਚੁੱਕੇ ਹਨ, ਪਰ ਜਿਨ੍ਹਾਂ ਸਿਖ਼ਰਾਂ ਨੂੰ ਵਾਰਿਸ ਨੇ ਛੂਹਿਆ ਹੈ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਈਆਂ। ਨਿਰਸੰਦੇਹ, ਪੰਜਾਬੀ ਸ਼ਾਇਰੀ ਦੇ ਅੰਬਰ 'ਤੇ ਇਕ ਭਰਵੀਂ ਤੇ ਮਨਮੋਹਕ ਉਡਾਣ ਦਾ ਨਾਂ ਹੈ ਵਾਰਿਸ ਸ਼ਾਹ।

ਵਾਰਿਸ ਸ਼ਾਹ ਨੇ ਮਾਂ ਬੋਲੀ ਨੂੰ ਇਕ ਅਜਿਹੀ ਪੁਰ-ਅਸਰ ਅਤੇ ਸੁੱਚੀ ਕਿਤਾਬ ਭੇਟ ਕੀਤੀ ਹੈ, ਜਿਸ ਨੇ ਪੰਜਾਬੀ ਸਾਹਿਤ ਨੂੰ ਰੱਜਕੇ ਮਾਲਾਮਾਲ ਕੀਤਾ ਹੈ। ਇਸ ਪੁਸਤਕ ਦੁਆਰਾ ਪੰਜਾਬੀ ਸਾਹਿਤ ਵਿਚ ਛੱਡੀ ਮਹਿਕ ਪੰਜਾਬੀਆਂ ਨੂੰ ਸਦਾ ਮਹਿਕਾਉਂਦੀ ਤੇ ਮੰਤਰ-ਮੁਗਧ ਕਰਦੀ ਰਹੇਗੀ। ਕਮਾਲ ਦੀ ਗੱਲ ਤਾਂ ਇਹ ਹੈ ਕਿ 'ਹੀਰ ਵਾਰਿਸ' ਜਿੱਥੇ ਪਿੰਡ ਦੀਆਂ ਸੱਥਾਂ ਵਿਚ ਬੜੇ ਚਾਅ ਨਾਲ ਪੜ੍ਹੀ ਤੇ ਸੁਣੀ ਜਾਂਦੀ ਹੈ, ਉੱਥੇ ਉੱਚ-ਪੱਧਰੀਆਂ ਸਾਹਿਤਕ ਗੋਸ਼ਟੀਆਂ ਵਿਚ ਵੀ ਬੜੀ ਗੰਭੀਰਤਾ ਨਾਲ ਵਿਚਾਰੀ ਤੇ ਸਲਾਹੀ ਜਾਂਦੀ ਹੈ।

ਵਾਰਿਸ ਸ਼ਾਹ ਅਜਿਹਾ ਪਹਿਲਾ ਸ਼ਾਇਰ ਹੈ, ਜਿਸ ਦੇ ਕਲਾਮ ਵਿਚ ਪੰਜਾਬੀ ਜ਼ੁਬਾਨ ਆਪਣੀ ਮੁਕੰਮਲ ਖ਼ੂਬਸੂਰਤੀ ਤੇ ਖ਼ੂਬੀਆਂ ਨਾਲ ਜਲਵਾ-ਗਰ ਹੋਈ। ਦੂਜਾ, ਉਸ ਨੇ ਪੰਜਾਬੀ ਜ਼ੁਬਾਨ ਦੇ ਗੁੱਝੇ ਨਖ਼ਰਿਆਂ ਨੂੰ ਰੂਪਮਾਨ ਕੀਤਾ। ਤਾਹੀਉਂ, ਉਸ ਦਾ ਕਲਾਮ ਸੁਣਦਿਆਂ ਹੀ ਬੰਦਾ ਵਜਦ ਵਿਚ ਆ ਜਾਂਦਾ ਹੈ ਅਤੇ ਉਸ ਦੀ ਰੂਹ ਸਰਸ਼ਾਰ ਹੋ ਜਾਂਦੀ ਹੈ। ਕਿਸੇ ਸ਼ਾਇਰ ਨੇ ਖ਼ੂਬ ਕਿਹਾ ਹੈ -

**ਵਾਰਿਸ ਸ਼ਾਹ ਦਾ ਪਾਕ ਕਲਾਮ ਪੜ੍ਹਨਾ,**
**ਬੂਰੀ ਮੱਝ ਦੀ ਚੁੰਘਣੀ ਧਾਰ ਹੈ ਜੀ।**

ਇਹੋ ਕਾਰਨ ਹੈ ਕਿ ਅੱਜ ਵੱਡੇ-ਵੱਡੇ ਕਲਮ ਦੇ ਧਨੀ ਵਾਰਿਸ ਦਾ 'ਲੋਹਾ ਮੰਨਦੇ' ਹਨ। ਪੰਜਾਬੀਆਂ ਦੇ ਸਭ ਤੋਂ ਅਜੀਜ਼ ਉਰਦੂ ਸ਼ਾਇਰ ਫੈਜ਼ ਅਹਿਮਦ ਫੈਜ਼ (1911-84) ਨੂੰ ਜਦੋਂ ਇਕ ਇੰਟਰਵਿਊ ਦੌਰਾਨ ਇਹ ਪੁੱਛਿਆ ਗਿਆ ਕਿ ਉਹ ਪੰਜਾਬੀ ਵਿਚ ਕਿਉਂ ਨਹੀਂ ਲਿਖਦਾ ਤਾਂ ਉਸ ਦਾ ਜਵਾਬ ਸੀ - "ਕੋਈ ਗ਼ਾਲਿਬ ਨਾਲ ਮੁਕਾਬਲਾ ਕਰਨ ਬਾਰੇ ਤਾਂ ਸੋਚ ਸਕਦਾ ਹੈ, ਪਰ ਵਾਰਿਸ ਸ਼ਾਹ ਦੇ ਖੇਤਰ ਵਿਚ ਦਾਖ਼ਲ ਹੋਣ ਦੀ ਹਿੰਮਤ ਤਾਂ ਕੋਈ ਸਿਰਫ਼ਿਰਿਆ ਹੀ ਕਰ ਸਕਦਾ ਹੈ।" ਸਚਮੁੱਚ, ਪੰਜਾਬੀ ਸ਼ਾਇਰੀ ਦੇ ਖੇਤਰ ਵਿਚ ਵਾਰਿਸ ਨਾਲ ਆਢਾ ਲੈਣਾ, ਪਹਾੜ ਨਾਲ ਟਕਰਾਉਣ ਦੇ ਤੁਲ ਹੈ।

ਵਾਰਿਸ ਸ਼ਾਹ, ਆਪਣੀਆਂ ਲਾਸਾਨੀ ਸਾਹਿਤਕ ਖ਼ੂਬੀਆਂ ਸਦਕਾ, ਸੱਤ ਸਮੁੰਦਰੋਂ ਪਾਰ ਫਰਾਂਸ ਵਿਚ ਵੀ ਜਾ ਧਮਕਿਆ ਹੈ। ਇਕ ਫਰਾਂਸੀਸੀ ਵਿਦਵਾਨ ਡਾ. ਡੇਨਿਸ ਮਾਤਰੇਂਜ, ਜਿਸ ਨੇ 'ਹੀਰ ਵਾਰਿਸ' 'ਤੇ 552 ਸਫ਼ਿਆਂ ਦਾ ਥੀਸਿਜ਼ ਲਿਖ ਕੇ ਪੈਰਿਸ ਯੂਨੀਵਰਸਿਟੀ ਤੋਂ ਪੀਐੱਚ.ਡੀ. ਦੀ ਡਿਗਰੀ ਹਾਸਲ ਕੀਤੀ ਹੈ, ਦਾ ਕਹਿਣਾ ਹੈ- "ਮੈਂ ਇਸ ਤੋਂ ਪਹਿਲਾਂ ਏਨੀ ਸੋਹਣੀ ਤੇ ਡੂੰਘੀ ਸ਼ਾਇਰੀ ਕਦੇ ਨਹੀਂ ਸੀ ਵੇਖੀ। ਵਾਰਿਸ ਨੇ ਆਪਣੀ ਭਾਸ਼ਾ ਨੂੰ ਆਪ ਸਿਰਜਿਆ ਹੈ, ਜਿਸ ਤਰ੍ਹਾਂ ਹੋਮਰ ਨੇ ਆਪਣੀ ਭਾਸ਼ਾ ਨੂੰ ਸਿਰਜਿਆ ਸੀ। ਵਾਰਿਸ ਤੋਂ ਪਹਿਲਾਂ ਅਜਿਹੀ ਭਾਸ਼ਾ ਮੌਜੂਦ ਨਹੀਂ ਸੀ।" (ਇਹ ਜਾਣਕਾਰੀ, ਮੋਹਨਜੀਤ ਦੀ ਡਾ. ਡੇਨਿਸ ਮਾਤਰੇਂਜ ਨਾਲ ਦਿੱਲੀ ਵਿਖੇ ਹੋਈ ਇਕ ਗੱਲਬਾਤ 'ਤੇ ਆਧਾਰਤ ਹੈ)।

ਸ਼ਿਪਲੇ ਦੇ 'ਐਨਸਾਈਕਲੋਪੀਡੀਆ ਆਫ਼ ਲਿਟਰੇਚਰ' ਅਨੁਸਾਰ "ਵਾਰਿਸ ਸ਼ਾਹ ਪੰਜਾਬੀ ਦਾ ਸਭ ਤੋਂ ਵੱਡਾ ਸ਼ਾਇਰ ਹੈ ਤੇ ਉਸ ਦੀ 'ਹੀਰ' ਸਰਵੋਤਮ ਰਚਨਾ।" ਜਿਲਦ-1, ਪੰਨਾ 554-55.

ਵਾਰਿਸ ਖ਼ੁਦ ਵੀ ਇਹ ਮਹਿਸੂਸ ਕਰਦਾ ਹੈ ਕਿ ਕਿੱਸਾ ਹੀਰ ਲਿਖ ਕੇ ਉਸ ਨੇ ਇਕ ਨਿਵੇਕਲਾ ਤੇ ਯਾਦਗਾਰੀ ਕੰਮ ਕੀਤਾ ਹੈ। ਆਪਣੀ ਰਚਨਾ ਦੀ ਉਪਮਾ ਕਰਦਿਆਂ ਉਹ ਕਹਿੰਦਾ ਹੈ -

**ਫ਼ਿਕਰਾ ਜੋੜ ਕੇ ਖ਼ੂਬ ਦਰੁਸਤ ਕੀਤਾ,**
**ਨਵਾਂ ਫੁੱਲ ਗੁਲਾਬ ਦਾ ਤੋੜਿਆ ਈ।**

ਨਿਰਸੰਦੇਹ, ਵਾਰਿਸ ਨੇ ਆਪਣੀ ਇਸ ਇਕਲੌਤੀ ਰਚਨਾ ਰਾਹੀਂ ਪੰਜਾਬੀ ਸਾਹਿਤ ਦੇ ਪਿੜ ਵਿਚ ਇਕ ਅਜਿਹਾ ਝੰਡਾ ਗੱਡ ਦਿੱਤਾ ਹੈ ਜੋ ਰਹਿੰਦੀ ਦੁਨੀਆਂ ਤੱਕ ਝੂਲਦਾ ਰਹੇਗਾ।

ਸਾਹਿਤ ਸਿਰਜਣਾ ਬਾਰੇ ਗੱਲ ਕਰਦਿਆਂ, ਸੀ.ਐੱਸ. ਲੀਊਸ ਲਿਖਦਾ ਹੈ ਕਿ "ਸਾਹਿਤ ਸੱਚਾਈ ਦਾ ਸਿਰਫ਼ ਵਿਖਿਆਨ ਹੀ ਨਹੀਂ ਕਰਦਾ, ਸਗੋਂ ਉਸ ਵਿਚ ਵਾਧਾ ਕਰਦਾ ਹੈ। ਸਾਹਿਤ ਉਨ੍ਹਾਂ ਚੀਜ਼ਾਂ, ਜਿਨ੍ਹਾਂ ਦੀ ਆਪਾਂ ਨੂੰ ਆਮ ਜ਼ਿੰਦਗੀ ਵਿਚ ਲੋੜ ਹੁੰਦੀ ਹੈ, ਬਾਰੇ ਰਸਿਕ ਬੋਲੀ ਤੇ ਸ਼ੈਲੀ ਵਿਚ ਜਾਣਕਾਰੀ ਮੁਹੱਈਆ ਕਰਦਾ ਹੈ। ਇਸ ਤਰ੍ਹਾਂ ਇਹ ਸਾਡੀ ਮਾਰੂਥਲ ਬਣ ਚੁੱਕੀ ਜ਼ਿੰਦਗੀ ਵਿਚ ਪਾਣੀ ਦਾ ਕੰਮ ਕਰਦਾ ਹੈ।" 'ਹੀਰ ਵਾਰਿਸ', ਲੀਊਸ ਦੇ ਉਕਤ ਕਥਨ 'ਤੇ ਸੋਲਾਂ ਆਨੇ ਖ਼ਰੀ ਉਤਰਦੀ ਹੈ, ਕਿਉਂਕਿ ਵਾਰਿਸ ਸੱਚ ਲਿਖਣ ਵਾਲਾ ਅਤੇ ਜ਼ਿੰਦਗੀ ਦੀਆਂ ਸੱਚਾਈਆਂ ਨੂੰ ਬਿਆਨ ਕਰਨ ਵਾਲਾ ਸ਼ਾਇਰ ਹੈ। ਜਿੱਥੋਂ ਤੱਕ 'ਹੀਰ' ਵਿਚਲੇ ਸੱਚ ਦਾ ਸਵਾਲ ਹੈ, ਵਾਰਿਸ ਆਪਣੇ ਪਾਠਕਾਂ ਨੂੰ ਭਰੋਸਾ ਦਿਵਾਉਂਦਾ ਹੈ ਕਿ ਉਸ ਦੇ ਸ਼ਿਅਰ, ਇਕ ਤਰ੍ਹਾਂ ਨਾਲ ਕੁਰਾਨ ਸ਼ਰੀਫ਼ ਦੇ ਅਰਥ ਹਨ। ਲਉ! ਸ਼ਿਅਰ ਮੁਲਾਹਜ਼ਾ ਫ਼ਰਮਾਓ :

**ਇਹ ਕੁਰਾਨ ਮਜ਼ੀਦ ਦੇ ਮਾਇਨੇ ਨੇ,**
**ਜਿਹੜੇ ਸ਼ਿਅਰ ਮੀਆਂ ਵਾਰਿਸ ਸ਼ਾਹ ਦੇ ਨੀ।**

ਸੋ, ਵਾਰਿਸ ਨੂੰ ਪੰਜਾਬੀਆਂ ਦਾ ਪੀਰ ਅਤੇ ਉਸ ਦੀ 'ਹੀਰ' ਨੂੰ ਪੰਜਾਬੀਆਂ ਦਾ ਧਾਰਮਿਕ ਗ੍ਰੰਥ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ। ਉਸਤਾਦ ਸ਼ਾਇਰ ਵਿਧਾਤਾ ਸਿੰਘ ਤੀਰ ਦੀਆਂ ਸਤਰਾਂ ਹਨ -

**ਮੇਰੀ ਬੋਲੀ ਦੇ ਵਾਰਿਸਾ ਸੱਚ ਮੰਨੀ,**
**ਮੰਨਾਂ ਮੈਂ ਪੰਜਾਬ ਦਾ ਪੀਰ ਤੈਨੂੰ।** ('ਨਵੇਂ ਨਿਸ਼ਾਨੇ')

ਪੀਰ ਦੇ ਰੁਤਬੇ ਨੂੰ ਪਹੁੰਚਿਆ ਵਾਰਿਸ, ਕਿਉਂਕਿ ਸੱਚ 'ਤੇ ਚੱਲਣ

ਵਾਲਾ ਸੂਫ਼ੀ ਦਰਵੇਸ਼ ਸੀ, ਇਸ ਲਈ ਉਸ ਦੀ ਕਹੀ ਗੱਲ 'ਤੇ ਕਿੰਤੂ-ਪ੍ਰੰਤੂ ਕਰਨ ਦੀ ਉੱਕਾ ਹੀ ਕੋਈ ਗੁੰਜਾਇਸ਼ ਨਹੀਂ ਹੈ। ਮੀਆਂ ਮੁਹੰਮਦ ਬਖ਼ਸ਼ ਆਪਣੀ ਪ੍ਰਸਿੱਧ ਰਚਨਾ 'ਸੈਫੁਲ ਮਲੂਕ' ਵਿਚ ਪੰਨਾ 318 'ਤੇ ਲਿਖਦਾ ਹੈ –

**ਵਾਰਿਸ ਸ਼ਾਹ ਸੁਖ਼ਨ ਦਾ ਵਰਿਸ, ਨਿੰਦੇ ਕੌਣ ਉਨ੍ਹਾਂ ਨੂੰ,**

**ਹਰਫ਼ ਉਹਦੇ 'ਤੇ ਉਂਗਲ ਧਰਨੀ, ਨਹੀਂ ਕਦਰ ਅਸਾਂ ਨੂੰ।**

ਵਾਰਿਸ ਸ਼ਾਹ ਨੇ ਹਰ ਦੌਰ ਵਿਚ ਪੰਜਾਬੀ ਮਨ ਨੂੰ ਟੁੰਬਿਆ ਹੈ, ਕਿਉਂਕਿ ਜਿੱਥੇ ਉਹ ਪਾਠਕਾਂ ਦਾ ਮਨੋਰੰਜਨ ਕਰਦਾ ਹੈ, ਉੱਥੇ ਉਨ੍ਹਾਂ ਨੂੰ ਜੀਵਨ ਦੀਆਂ ਸੱਚਾਈਆਂ ਤੋਂ ਵੀ ਜਾਣੂ ਕਰਾਉਂਦਾ ਹੈ ਅਤੇ ਸਰਬੱਤ ਦੇ ਭਲੇ ਲਈ ਪ੍ਰੇਰਦਾ ਹੈ। ਤਾਹੀਉਂ, ਅੰਮ੍ਰਿਤਾ ਪ੍ਰੀਤਮ, 1947 ਦੇ ਦੁਖਾਂਤ ਨੂੰ ਚਿਤਰਦਿਆਂ, ਵਾਰਿਸ ਨੂੰ ਪੰਜਾਬੀਆਂ ਦੇ ਇਕ ਨਾਇਕ ਦੇ ਤੌਰ 'ਤੇ 'ਵਾਜਾਂ ਮਾਰਦੀ ਹੈ– "ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ।" ਆਓ! ਆਪਾਂ ਵੀ ਅੱਜ ਪੰਜਾਬ ਦੇ ਇਸ ਪੀਰ ਦੀ ਮਜ਼ਾਰ 'ਤੇ ਨਤਮਸਤਕ ਹੋ ਕੇ ਅਰਜ਼ ਗੁਜ਼ਾਰੀਏ ਕਿ ਗੁਰਾਂ ਦੇ ਨਾਮ 'ਤੇ ਵਸਦੇ ਪੰਜਾਬ ਅੰਦਰ ਅੱਜ ਜੋ ਕੁਝ ਵਾਪਰ ਰਿਹਾ ਹੈ, ਉਸ ਬਾਰੇ ਆਪਣੇ ਗਿਆਨ ਦਾ ਚਾਨਣ ਸਾਨੂੰ ਬਖ਼ਸ਼ੇ। ਖ਼ੈਰ!

'ਹੀਰ ਵਾਰਿਸ' ਪੰਜਾਬੀ ਸਭਿਆਚਾਰ ਦੀ ਮੁਕੰਮਲ ਤਸਵੀਰ ਪੇਸ਼ ਕਰਦੀ ਹੈ। ਇਹ ਉਸ ਸਮੇਂ ਦੇ ਪੰਜਾਬ ਦਾ ਇਤਿਹਾਸਨਾਮਾ ਵੀ ਹੈ। ਸੋ, ਪੰਜਾਬੀ ਬੋਲੀ, ਸਾਹਿਤ ਤੇ ਸੱਭਿਆਚਾਰ ਨੂੰ ਸਮਝਣ ਲਈ ਇਸ ਥਾਣੀ ਲੰਘਣਾ ਜ਼ਰੂਰੀ ਹੈ। ਪੰਜਾਬੀ ਦੇ ਲੇਖਕਾਂ ਤੇ ਕਵੀਆਂ ਲਈ ਤਾਂ ਇਸ ਦਾ ਅਧਿਐਨ ਕਰਨਾ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ, ਕਿਉਂਕਿ ਇਹ ਉਨ੍ਹਾਂ ਦੇ ਗਿਆਨ ਵਿਚ ਠੋਸ ਵਾਧਾ ਕਰਨ ਤੋਂ ਇਲਾਵਾ ਉਨ੍ਹਾਂ ਨੂੰ ਪੰਜਾਬੀ ਮਨ ਦੇ ਨੇੜੇ ਹੋ ਕੇ ਗੱਲ ਕਰਨ ਦੀ ਜੁਗਤ ਵੀ ਸਿਖਾਉਂਦੀ ਹੈ।... ਜਿਹੜਾ ਕਲਮਕਾਰ, ਵਾਰਿਸ ਸ਼ਾਹ ਦੀ ਝੋਲੀ ਵਿਚ ਸਿਰ ਰੱਖ ਕੇ ਉਸ ਪਾਸੋਂ ਸੱਚੇ ਦਿਲੋਂ ਕਿਸੇ ਖਿਆਲ ਦੀ ਦਾਤ ਮੰਗਦਾ ਹੈ, ਵਾਰਿਸ ਉਸ ਨੂੰ ਕਦੇ ਨਿਰਾਸ਼ ਨਹੀਂ ਕਰਦਾ–ਆਪਣੀ ਕੋਈ ਢੁੱਕਵੀਂ ਟੂਕ ਝੱਟ ਉਸ ਦੀ ਤਲੀ 'ਤੇ ਟਿਕਾ ਦਿੰਦਾ ਹੈ। ਇਹ ਮੇਰਾ ਵਿਸ਼ਵਾਸ ਹੀ ਨਹੀਂ, ਨਿੱਜੀ ਤਜ਼ਰਬਾ ਵੀ ਹੈ।

ਵਾਰਿਸ ਦੀ ਲੋਕ ਸੂਝ ਨੂੰ ਪ੍ਰਗਟਾਉਂਦੇ ਕਥਨ, ਅੱਜ ਅਖਾਣਾਂ ਦੇ ਰੂਪ ਵਿਚ ਸਾਡੇ ਜੀਵਨ 'ਚ ਇਉਂ ਘੁਲ-ਮਿਲ ਗਏ ਹਨ ਜਿਵੇਂ ਦੁੱਧ ਦੇ ਕਟੋਰੇ ਵਿਚ ਖੰਡ।

ਗੱਲ ਕੀ, ਵਾਰਿਸ ਨੇ ਆਪਣੇ ਗਿਆਨ ਦੇ ਅਟੁੱਟ ਭੰਡਾਰ ਨੂੰ ਕਿੱਸਾ ਹੀਰ ਦੀ ਆੜ ਵਿਚ ਪੰਜਾਬੀ ਜਗਤ ਦੇ ਵਿਹੜੇ ਵਿਚ ਢੇਰੀ ਕਰ ਦਿੱਤਾ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਪੰਜਾਬੀ ਸਾਹਿਤ ਦੇ ਲਗਭਗ 800 ਸਾਲਾਂ ਦੇ ਇਤਿਹਾਸ ਵਿਚ ਵਾਰਿਸ ਤੋਂ ਵੱਡਾ ਸ਼ਾਇਰ ਹੋਰ ਕੋਈ ਪੈਦਾ ਹੀ ਨਹੀਂ ਹੋਇਆ। ਉਸ ਨੇ ਮਾਂ ਬੋਲੀ ਨੂੰ ਇਕ ਅਜਿਹੀ ਠੁੱਕਦਾਰ ਕਿਤਾਬ ਭੇਟ ਕੀਤੀ ਹੈ, ਜਿਸ ਨੂੰ ਦੁਨੀਆਂ ਦੀ ਕਿਸੇ ਵੀ ਜ਼ੁਬਾਨ ਦੇ ਸਾਹਿਤ ਦੇ ਮੁਕਾਬਲੇ ਲਈ ਪੇਸ਼ ਕੀਤਾ ਜਾ ਸਕਦਾ ਹੈ।

ਚੰਗਾ ਸਾਹਿਤ ਹਮੇਸ਼ਾ ਸਮੇਂ ਦੇ ਹਾਣ ਦਾ ਬਣਿਆ ਰਹਿੰਦਾ ਹੈ– ਆਪਣੇ-ਆਪ ਨੂੰ ਸਮੇਂ ਦੇ ਮੁਤਾਬਿਕ ਢਾਲ ਲੈਂਦਾ ਹੈ। 'ਹੀਰ ਵਾਰਿਸ' ਵਿਚ ਇਹ ਗੁਣ ਮੌਜੂਦ ਹੈ–ਢਾਈ ਸਦੀਆਂ ਪਹਿਲਾਂ ਲਿਖੀ ਗਈ ਇਹ ਰਚਨਾ ਅੱਜ ਦੇ ਯੁੱਗ ਵਿਚ ਵੀ ਉਨੀਉਂ ਸਾਰਥਿਕ ਹੈ। ਤੱਥ ਦੀ ਪੁਸ਼ਟੀ ਲਈ ਇਕ ਸ਼ਿਅਰ ਪੇਸ਼ ਹੈ –

**ਜਿਨ੍ਹਾਂ ਬੇਟੀਆਂ ਮਾਰੀਆਂ, ਰੋਜ਼ ਕਿਆਮਤ,**

**ਸਿਰ ਤਿਨ੍ਹਾਂ ਦੇ ਵੱਡਾ ਗੁਨਾਹ ਮੀਆਂ।**

ਦੂਜਾ, ਚੰਗਾ ਸਾਹਿਤ ਉਹ ਹੁੰਦਾ ਹੈ, ਜਿਸ ਨੂੰ ਬਾਰ-ਬਾਰ ਪੜ੍ਹਨ ਲਈ ਮਨ ਕਾਹਲਾ ਪਵੇ। ਸਾਈਰ ਕੌਨਲੀ ਦਾ ਕਥਨ ਹੈ– "ਸਾਹਿਤ, ਲਿਖਣ ਦੀ ਉਹ ਕਲਾ ਹੈ ਜਿਸ ਨੂੰ ਬਾਰ-ਬਾਰ ਪੜ੍ਹਿਆ ਜਾ ਸਕੇ।" ਵਾਰਿਸ ਦੀ 'ਹੀਰ' ਵੀ ਇਕ ਅਜਿਹੀ ਹੀ ਰਚਨਾ, ਜਿਸ ਦਾ ਜੀਵਨ ਭਰ ਪਾਠ ਕਰਦੇ ਰਹਿਣ ਨਾਲ ਵੀ ਰੂਹ ਨਹੀਂ ਭਰਦੀ, ਕਿਉਂਕਿ ਇਸ ਦੇ ਸ਼ਿਅਰਾਂ ਵਿਚ ਖਿਆਲ ਦੀ ਬੁਲੰਦੀ ਅਤੇ ਸੁਹਜ ਖ਼ੁਸ਼ਬੂ ਵਾਂਗ ਹਾਜ਼ਰ ਰਹਿੰਦੇ ਹਨ। ਲਓ! ਖ਼ੁਸ਼ਬੂ ਬਿਖੇਰਦਾ ਇਕ ਸ਼ਿਅਰ ਹਾਜ਼ਰ ਹੈ –

**ਰੰਨਾਂ ਦੇਣ ਗਾਲੀਂ ਅਸੀਂ ਚੁੱਪ ਰਹੀਏ,**

**ਐਡੇ ਸਬਰ ਦੇ ਪੈਰ ਕਿਸ ਧੋਵਨੇ ਨੇ।**

ਇਸ ਤਰ੍ਹਾਂ ਸੁਭਾਵਿਕ ਹੀ ਹੈ ਕਿ ਵਾਰਿਸ ਦੀ 'ਹੀਰ' ਪੜ੍ਹਨ ਵਾਲੇ ਦੇ ਥਕੇਵੇਂ ਨੂੰ ਮੁੱਠੀਆਂ ਭਰ-ਭਰ ਕੇ ਹੌਲਿਆਂ ਫੁੱਲ ਕਰ ਦਿੰਦੀ ਹੈ, ਯਾਨੀ ਇਸ ਦੀ ਮਦਹੋਸ਼ ਕਰਨ ਵਾਲੀ ਮਹਿਕ ਪੜ੍ਹਨ ਵਾਲੇ ਦੀ ਰੂਹ ਤੱਕ ਉੱਤਰ ਜਾਂਦੀ ਹੈ।

ਹਜ਼ਰਤ ਵਾਰਿਸ ਸ਼ਾਹ ਦਾ ਨਾਂ ਉਨ੍ਹਾਂ ਸੂਫ਼ੀ ਸ਼ਾਇਰਾਂ ਦੀ ਸੂਚੀ ਵਿਚ ਸਭ ਤੋਂ ਉੱਪਰ ਹੈ, ਜਿਨ੍ਹਾਂ ਨੇ ਇਕ ਇਸ਼ਕੀਆ ਕਹਾਣੀ ਨੂੰ ਮਜਾਜ਼ੀ ਰੰਗ ਵਿਚ ਪੇਸ਼ ਕਰਕੇ ਉਸ ਵਿਚ ਰੂਹਾਨੀਅਤ ਦਾ ਹਕੀਕੀ ਰੰਗ ਭਰ ਦਿੱਤਾ ਹੋਵੇ।... ਪਰ ਵਾਰਿਸ ਨੇ ਇਸ਼ਕ ਹਕੀਕੀ ਦਾ ਪਾਠ ਪੜ੍ਹਾਉਂਦਿਆਂ, ਗੱਭਰੂਆਂ ਅਤੇ ਮੁਟਿਆਰਾਂ ਦੇ ਜਜ਼ਬਾਤ ਤੇ ਵਲਵਲਿਆਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ, ਬਲਕਿ ਉਨ੍ਹਾਂ ਦੇ ਮਨ ਨੂੰ ਤੁਣਕਾ ਮਾਰਨ ਲਈ ਹੱਥ ਆਏ ਕਿਸੇ ਵੀ ਅਵਸਰ ਨੂੰ ਅਜਾਈਂ ਨਹੀਂ ਜਾਣ ਦਿੱਤਾ। ਮਿਸਾਲ ਵਜੋਂ, ਹੀਰ ਨੂੰ ਗੰਨੇ ਦੀ ਪੋਰੀ (ਚਹੀਕ) ਨਾਲ ਤਸ਼ਬੀਰ ਦੇ ਕੇ ਇਉਂ ਪੇਸ਼ ਕਰਦਾ ਹੈ–

**ਵਾਰਿਸ ਸ਼ਾਹ ਚਹੀਕ ਜੇ ਨਵੀਂ ਚੂਪੇਂ,**

**ਸੱਭੇ ਭੁੱਲ ਜਾਹਨੀ ਜਿਹੜੀਆਂ ਗਾਵਨਾ ਹੈਂ।**

ਸੂਫ਼ੀ ਸ਼ਾਇਰ ਤੇ ਦਰਵੇਸ਼ ਹੋਣ ਦੇ ਨਾਤੇ, ਉਹ ਲੋਕਾਂ ਨੂੰ ਚੰਗੇ ਵਰਤਾਰੇ ਤੇ ਨੇਕ ਸੁਭਾਅ ਦੀ ਮਤ ਦਿੰਦਾ ਹੈ ਅਤੇ ਜੱਗ ਦੇ ਕੂੜ ਨੂੰ ਭੰਡਦਾ ਹੈ। 'ਜੋ ਕਰਨਗੇ ਸੋ ਭਰਨਗੇ' ਦੇ ਫ਼ਲਸਫ਼ੇ ਦੀ ਗੱਲ ਕਰਦਿਆਂ, ਉਹ ਬੰਦੇ ਨੂੰ ਪੁੰਨ ਤੇ ਪਾਪ ਤੋਂ ਵੀ ਜਾਣੂ ਕਰਾਉਂਦਾ ਹੈ ਅਤੇ ਇਨਸਾਨੀ ਕਦਰਾਂ-ਕੀਮਤਾਂ 'ਤੇ ਪਹਿਰਾ ਦੇਣ ਲਈ ਪ੍ਰੇਰਦਾ ਹੈ। ਉਹ, ਜੀਵਨ ਵਿਚ ਮੰਜ਼ਿਲ ਦੀ ਪ੍ਰਾਪਤੀ ਲਈ ਲਗਾਤਾਰ ਜੱਦੋ-ਜਹਿਦ ਦੀ ਲੋੜ 'ਤੇ ਜ਼ੋਰ ਦਿੰਦਾ ਹੈ, ਜੀਵਨ ਵਿਚ ਕੁਝ ਜ਼ਿਕਰਯੋਗ ਕਰ ਗੁਜ਼ਰਨ ਦਾ ਸੁਨੇਹਾ ਦਿੰਦਾ ਹੈ। ਸ਼ਿਅਰ ਹੈ –

**ਵਾਰਿਸ ਸ਼ਾਹ ਉਹ ਸਦਾ ਈ ਜਿਊਂਦੇ ਨੇ,**

**ਜਿਨ੍ਹਾਂ ਕੀਤੀਆਂ ਨੇਕ ਕਮਾਈਆਂ ਨੇ।**

ਸੋ, ਕਿਹਾ ਜਾ ਸਕਦਾ ਹੈ ਕਿ 'ਹੀਰ ਵਾਰਿਸ' ਪੰਜਾਬੀ ਸਾਹਿਤ ਦਾ ਧੜਕਦਾ ਦਿਲ ਹੈ ਅਤੇ ਸੱਭਿਆਚਾਰ ਦਾ ਗੜ੍ਹ ਵੀ। ਦੁਨੀਆਂ ਦੇ ਸਾਹਿਤ ਵਿਚ ਬਹੁਤ ਘੱਟ ਪੁਸਤਕਾਂ ਅਜਿਹੀਆਂ ਹਨ, ਜਿਹੜੀਆਂ ਸਦੀਆਂ ਤੋਂ ਹੀ ਕਿਸੇ ਖਾਸ ਖਿੱਤੇ ਦੇ ਲੋਕਾਂ ਦੀਆਂ ਰੀਝਾਂ ਤੇ ਜਜ਼ਬਾਤ ਦੀ ਤਰਜਮਾਨੀ ਕਰਦੀਆਂ, ਉਨ੍ਹਾਂ ਦੇ ਖ਼ੂਨ ਵਿਚ ਰਚਮਿੱਚ ਗਈਆਂ ਹੋਣ। ਵਾਰਿਸ ਦੀ 'ਹੀਰ' ਅਜਿਹੀ ਹੀ ਇਕ ਮਾਣਮੱਤੀ ਪੁਸਤਕ ਹੈ, ਜਿਹੜੀ ਬਿਨਾਂ ਕਿਸੇ ਨਸਲੀ ਵਿਤਕਰੇ ਤੋਂ ਵਿਸ਼ਵ ਭਰ 'ਚ ਵਸਦੇ ਪੰਜਾਬੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਦੀ ਹੈ।

# ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ

ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ

**ਬਹੁਤ ਹੀ ਸਤਿਕਾਰਯੋਗ ਲੇਖਕ ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ ਦੀ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ ਜੋ ਕਿ ਛੱਲੇ ਅਤੇ ਉਸ ਦੇ ਪਰਿਵਾਰ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਦਿੰਦੀ ਹੈ। ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।**

**ਭਗਵਾਨ ਸਿੰਘ ਲੁਬਾਣਾ**



ਬਿੱਟੂ ਲਹਿਰੀ

## ਸ਼ੇਅਰ

ਜੱਲ੍ਹਾ - **ਨਿੱਤ ਠਿੱਲ ਪਾਣੀ ਉੱਤੇ ਮੱਲਿਆ,**
**ਆਪਾਂ ਨੂੰ ਗੁੱਲੀ ਹੋਵੇ ਨਸੀਬ।**
**ਇਹ ਸਭ ਕੰਮ ਨੇ ਅੱਲ੍ਹਾ ਆਸਰੇ,**
**ਠਿੱਲ ਪਈ ਦਾ ਨਿੱਤ ਹਬੀਬ।**

ਮੱਲ੍ਹਾ - **ਰੱਖ ਅੱਲ੍ਹਾ ਪਾਕ ਤੇ ਡੋਰੀਆਂ,**
**ਠਿਲ ਪਈ ਦਾ ਨਿੱਤ ਹਬੀਬ।**
**ਇਹ ਢਿੱਡ ਵੀ ਭਰਨਾ 'ਲਹਿਰੀਆ',**
**ਨਾ ਕੋਈ ਚਲਦੀ ਹੋਰ ਤਰਕੀਬ।**

**ਵਿਸਥਾਰ** - ਜੱਲ੍ਹਾ ਤੇ ਮੱਲ੍ਹਾ ਜ਼ਿੰਦਗੀ ਦੀਆਂ ਗੱਲਾਂਬਾਤਾਂ ਕਰਦੇ ਹੋਏ ਪੱਤਣ ਤੇ ਪਹੁੰਚ ਗਏ। ਦਿਨ ਢਲਣ ਦੇ ਕਰੀਬ ਵੇਖ ਕੇ ਆਪੋ ਆਪਣੇ ਘਰ ਨੂੰ ਤੁਰ ਪਏ। ਮੱਲ੍ਹੇ ਨੇ ਘਰ ਜਾ ਕੇ ਸਾਰੇ ਪਰਿਵਾਰ ਨੂੰ ਇਸ ਤਰ੍ਹਾਂ ਦੱਸਿਆ।

## ਸ਼ੇਅਰ

1. **ਬੁੱਝ ਲਿਉ ਤੁਸੀਂ ਟੱਬਰ ਸਾਰਾ, ਅੱਜ ਮੈਂ ਇੱਕ ਬੁਝਾਰਤ ਪਾਉਣਾ।**
2. **ਜੁੰਮੇ ਦਿਨ ਨੂੰ ਆਪਣੇ ਘਰ ਵਿੱਚ, ਦੱਸੋ ਕੌਣ ਪ੍ਰੋਹਣਾ ਆਉਣਾ।**
3. **ਉਹ ਤਿੰਨ ਜੀਅ ਦਾ ਟੱਬਰ ਸਾਰਾ, ਵਾਹਵਾ ਚਿਰ ਤੋਂ ਗੇੜਾ ਲਾਉਣਾ।**
4. **ਬੁੱਝ ਲਵੇ ਕੋਈ ਆਪੇ 'ਲਹਿਰੀ', ਮੇਰੇ ਕੰਨ ਵਿੱਚ ਆ ਸਮਝਾਉਣਾ।**

**ਵਿਸਥਾਰ** - ਮੱਲ੍ਹੇ ਨੇ ਆਪਦੇ ਸਾਰੇ ਪਰਿਵਾਰ ਨੂੰ ਬੁਝਾਰਤ ਪਾਈ ਕੇ ਜੁੰਮੇ ਵਾਲੇ ਦਿਨ ਆਪਣੇ ਘਰ ਕੌਣ ਆ ਰਿਹਾ ਹੈ। ਸਾਰੇ ਪਰਿਵਾਰ ਨੇ ਬੁਝਾਰਤ ਬੁੱਝ ਲਈ ਤੇ ਇੱਕ ਵਡੇਰੇ ਨੇ ਉਸ ਸਮੇਂ ਦਾ ਸੀਨ ਇਸ ਤਰ੍ਹਾਂ ਬਿਆਨ ਕੀਤਾ।

## ਸ਼ੇਅਰ

1. **ਜਿਸ ਨੇ ਘਰ ਵਿੱਚ ਆਉਣਾ ਸਾਡੇ, ਉਸ ਦਾ ਯਾਰ ਮਲ੍ਹਾਹ ਹੈ ਮੱਲ੍ਹਾ।**
2. **ਉਮਰੋਂ ਲੰਘੇ ਦੋ ਜੀਆਂ ਦਾ, ਜਿਸ ਤੇ ਮੇਹਰਬਾਨ ਹੈ ਅੱਲ੍ਹਾ।**
3. **ਪੁੱਤਰ ਉਸ ਦਾ ਢਾਈ ਵਰ੍ਹੇ ਦਾ, ਜਿਸ ਦਾ ਨਾਂ ਰੱਖਿਆ ਏ ਛੱਲਾ।**
4. **ਤਿੰਨ ਜੀਆਂ ਦਾ ਟੱਬਰ 'ਲਹਿਰੀ', ਆਉਣਾ ਮਲਕਵਾਲ ਵਾਲਾ ਜੱਲ੍ਹਾ।**

**ਵਿਸਥਾਰ** - ਮੱਲ੍ਹੇ ਵੱਲੋਂ ਪਾਈ ਗਈ ਬੁਝਾਰਤ ਤਾਂ ਸਾਰਿਆਂ ਨੇ ਬੁੱਝ ਲਈ ਤੇ ਮੱਲ੍ਹੇ ਨੇ ਕਿਹਾ ਹਾਂ ਠੀਕ ਏ। ਆਪਣੇ ਘਰ ਜੱਲ੍ਹਾ, ਜੱਲ੍ਹੇ ਦੀ ਘਰਵਾਲੀ ਤੇ ਉਸਦਾ ਪੁੱਤਰ ਛੱਲਾ ਆ ਰਹੇ ਹਨ। ਸਾਰੇ ਪਰਿਵਾਰ ਵਿੱਚ ਖੁਸ਼ੀ ਦਾ ਅੰਤ ਨਾ ਰਿਹਾ। ਬੇਸਬਰੀ ਨਾਲ ਇੰਤਜ਼ਾਰ ਕਰਨ ਲੱਗੇ। ਕੁੱਝ ਦਿਨਾਂ ਬਾਅਦ ਜੁੰਮੇ ਵਾਲਾ ਦਿਨ ਆ ਹੀ ਗਿਆ। ਜੱਲ੍ਹਾ ਆਪਦੇ ਘਰੋਂ ਤਿਆਰੀ ਕਰਕੇ ਨਿਕਲਿਆ ਤਾਂ ਝੋਕ ਦੇ ਵਾਸੀਆਂ ਨੇ ਪੁੱਛਿਆ। ਜੱਲ੍ਹਿਆ ਅੱਜ ਤਿਆਰੀ ਕਰਕੇ ਕਿਹੜੀ ਲਾਮ ਨੂੰ ਚੱਲਿਆ ਏ। ਤੇ ਜੱਲ੍ਹੇ ਨੇ ਹੱਸ ਕੇ ਕਿਹਾ।

(ਚਲਦਾ)

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ' ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 40 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਕਰਨਲ ਅਤੇ ਉੱਪਰ ਦੇ ਰੈਂਕ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**

**ਸਹਿ ਸੰਪਾਦਕ**

# ਅਪਾਹਜ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'


ਸਤਵਿੰਦਰ ਸਿੰਘ ਬੇਗੋਵਾਲੀਆ

ਭਿਖਾਰੀ : ਉਮਰ 40 ਸਾਲ
ਖੋਜੀ : ਉਮਰ 60 ਸਾਲ
ਲੜਕੀ : ਉਮਰ 25 ਸਾਲ
ਬਾਊ : ਇੱਕ ਕਲਰਕ, ਉਮਰ 35 ਸਾਲ
ਪ੍ਰਧਾਨ : ਨਗਰ ਪੰਚਾਇਤ ਦਾ ਮੁੱਖੀ, ਉਮਰ 60 ਸਾਲ
ਸੇਵਾਦਾਰ : ਸਾਧਾਰਣ ਆਦਮੀ, ਉਮਰ 50 ਸਾਲ
ਔਰਤ : ਫੈਸ਼ਨੇਬਲ ਔਰਤ, ਉਮਰ 40 ਸਾਲ

## ਅਪਾਹਜ

ਸਥਾਨ : ਇੱਕ ਨਗਰ ਦਾ ਬੱਸ ਸਟੈਂਡ
(ਬੱਸ ਦੀ ਇੰਤਜ਼ਾਰ ਵਿਚ ਇੱਕ ਲੜਕੀ ਸੜ੍ਹਕ 'ਤੇ ਖੜ੍ਹੀ ਹੈ, ਆਪਣੀ ਘੜੀ ਵੱਲ ਵੇਖਦੀ ਹੈ। ਲੜਕੀ ਨੇ ਅੱਖਾਂ ਉੱਪਰ ਐਨਕਾਂ ਲਗਾਈਆਂ ਹਨ, ਕੋਲ ਹੀ ਇੱਕ ਭਿਖਾਰੀ, ਜਿਸ ਦੀ ਇੱਕ ਲੱਤ ਕਮਜ਼ੋਰ ਹੈ, ਭੀਖ ਮੰਗ ਰਿਹਾ ਹੈ)।

ਭਿਖਾਰੀ : (ਲੜਕੀ ਨੂੰ) ਮੇਮ ਸਾਹਬ, ਰੱਬ ਦੇ ਵਾਸਤੇ ਦੋ ਰੁਪਈਏ ਦੇ ਦਿਓ। ਨੀਲੀ ਛੱਤ ਵਾਲਾ ਤੁਹਾਡਾ ਭਲਾ ਕਰੇਗਾ, ਤੁਹਾਡੇ ਰੁੱਕੇ ਕੰਮ ਰੁੱਕ ਹੋ ਜਾਣਗੇ। ਤੁਹਾਡੀਆਂ ਖਾਹਸ਼ਾਂ ਪੂਰੀਆਂ ਹੋਣਗੀਆਂ। ਰੱਬ ਤੁਹਾਡੀ ਯਾਤਰਾ ਕਾਮਯਾਬ ਕਰੇਗਾ। ਇਸ ਅਪਾਹਜ ਨੂੰ ਅੰਤਾਂ ਦੀ ਭੁੱਖ ਲੱਗੀ ਏ, ਰੋਟੀ ਖਾਣੀ ਏ। ਪੁੰਨ ਕਰ ਲਉ ਸੁਬਹ ਸੁਬਹ, ਸੁਬਹ ਨਾਂ ਪਰਮੇਸ਼ਰ ਦਾ। ਮੇਮ ਸਾਹਬ, ਮੈਂ ਤੁਹਾਨੂੰ ਕਹਿ ਰਿਹਾਂ।
(ਲੜਕੀ ਆਪਣੇ ਆਪ ਵਿਚ ਗੁਆਚੀ ਜਿਹੀ ਪ੍ਰਤੀਤ ਹੁੰਦੀ ਹੈ)।
ਮੇਮ ਸਾਹਬ, ਤੁਸੀਂ ਸੁਣਦੇ ਨਹੀਂ। (ਉੱਚੀ ਆਵਾਜ਼ ਵਿੱਚ) ਓ ਮੇਮ ਸਾਹਬ! ਮੇਰਾ ਸਾਰਾ ਜ਼ੋਰ ਲੱਗ ਗਿਐ ਪਰ ਇਹ ਕੁੜੀ ਸੁਣਦੀ ਨਹੀਂ.....
(ਅਚਾਨਕ ਖੋਜੀ ਆਉਂਦਾ ਹੈ)

ਖੋਜੀ : ਨਾ ਮਾਰ ਵਾਜਾਂ ਭਰਾਵਾ! ਇਹਦੇ ਕੰਨਾਂ 'ਤੇ ਜੂੰ ਨਹੀਂ ਸਰਕੇਗੀ।
(ਲੜਕੀ, ਖੋਜੀ ਵੱਲ ਗੁੱਸੇ ਨਾਲ ਵੇਖਦੀ ਹੈ)

ਭਿਖਾਰੀ : ਆਹ ਕੁੜੀ ਬੋਲੀ ਏ?

ਖੋਜੀ : ਇਹਨੂੰ ਬੋਲੀ ਹੀ ਸਮਝ।

ਭਿਖਾਰੀ : ਤੇਰੀ ਗੱਲ ਠੀਕ ਏ, ਮੇਰਾ ਸਿਰ ਦੁਖਣ ਲੱਗ ਪਿਐ ਇਹਨੂੰ ਵਾਜਾਂ ਮਾਰ ਮਾਰ ਕੇ ਪਰ ਇਹ ਤਾਂ ਪੱਥਰ ਬਣੀ ਰਹੀ।

ਖੋਜੀ : ਹੁਣ ਇਹ ਪੱਥਰ ਹੋ ਗਈ ਏ। ਤੂੰ ਬਿਲਕੁਲ ਠੀਕ ਕਹਿ ਰਿਹੈਂ।

ਭਿਖਾਰੀ : ਆਹੋ ਜੀ, ਭੁੱਖੇ ਢਿੱਡ ਵਿਚੋਂ ਸੱਚੀ ਵਾਜ ਹੀ ਬਾਹਰ ਨਿਕਲਦੀ ਏ, ਇਹ ਹੈ ਈ ਪੱਥਰ, ਪੱਥਰ, ਪੱਥਰ।
(ਲੜਕੀ ਗੁੱਸੇ ਨਾਲ ਭਿਖਾਰੀ ਵੱਲ ਵੇਖਦੀ ਹੈ)

ਖੋਜੀ : ਹਾਂ, ਇਹ ਬੁੱਤ ਬਣ ਗਈ ਏ, ਇਹਦੀ ਜ਼ਿੰਦਗੀ ਵਿਚ ਨਾ ਕੋਈ ਰੰਗ ਏ ਨਾ ਕੋਈ ਖੁਸ਼ਬੂ। ਇਹ ਜ਼ਿੰਦਗੀ ਤੋਂ ਅੱਕੀ ਪਈ ਏ।

(ਚਲਦਾ)

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ

1. ਬਾਇਓ-ਗੈਸ (ਗੋਬਰ ਗੈਸ) ਪਲਾਂਟ ਵਿਚ ਘਰੇਲੂ ਬਾਲਣ ਪੈਦਾ ਕਰਨ ਲਈ ਇਨ੍ਹਾਂ ਵਿਚੋਂ ਕਿਹੜੀ ਗੈਸ ਜਾਂ ਗੈਸਾਂ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਬਿਨ੍ਹਾਂ ਧੂੰਏਂ ਦੇ ਬਲਦੇ/ਬਲਦੀਆਂ ਹਨ?
   (ੳ) ਇਥੇਨ — (ਅ) ਮਿਥੇਨ
   (ੲ) ਆਕਟੇਨ — (ਸ) ਉਪਰਲੇ ਸਾਰੇ ਹੀ — (ਅ)
2. ਕਿਸ ਪੰਜ ਸਾਲਾ ਯੋਜਨਾ ਵਿਚ ਗਰੀਬੀ ਦੂਰ ਕਰਨ ਨੂੰ ਪਹਿਲ ਦਿੱਤੀ ਗਈ?
   (ੳ) ਸਤਵੀਂ — (ਅ) ਦਸਵੀਂ
   (ੲ) ਤੀਜੀ — (ਸ) ਪੰਜਵੀਂ — (ਸ)
3. ਵਿੱਤੀ ਜ਼ਿੰਮੇਕਾਰੀ ਅਤੇ ਬੱਜਟ ਪ੍ਰਬੰਧ ਕਾਨੂੰਨ ਦਾ ਉਦੇਸ਼ ਹੈ :
   (ੳ) ਵਿੱਤੀ ਘਾਟੇ ਨੂੰ ਨਿਯੰਤਰਤ ਕਰਨਾ
   (ਅ) ਸਰਕਾਰੀ ਖਰਚੇ 'ਚ ਕਫਾਇਤ ਦਾ ਨਿਯੰਤਰਨ
   (ੲ) ਮਾਲੀਏ ਦੇ ਘਾਟੇ ਨੂੰ ਨਿਯੰਤਰਨ ਕਰਨਾ
   (ਸ) ਨਿੱਜੀ ਖੇਤਰ ਵਿਚ ਫਜ਼ੂਲ-ਖਰਚੀ ਨੂੰ ਨਿਯੰਤਰਨ ਕਰਨਾ — (ਅ)
4. ਗਿਆਰਵੀਂ ਪੰਜ ਸਾਲਾ ਯੋਜਨਾ ਦਾ ਨਿਸ਼ਾਨਾ ਸੀ?
   (ੳ) ਸਰਬਪੱਖੀ ਵਿਕਾਸ — (ਅ) ਵਧੇਰਾ ਵਿਕਾਸ
   (ੲ) ਸੰਤੁਲਤ ਵਿਕਾਸ — (ਸ) ਆਤਮ ਨਿਰਭਰ ਵਿਕਾਸ — (ੳ)
5. ਰਾਸ਼ਟਰੀ ਆਮਦਨ ਦੇ ਅੰਕੜੇ ਕਿਸ ਦੁਆਰਾ ਇਕੱਠੇ ਕੀਤੇ ਜਾਂਦੇ ਹਨ?
   (ੳ) ਯੋਜਨ ਆਯੋਗ — (ਅ) ਸੀ ਐਸ ਓ
   (ੲ) ਐਨ ਐਨ ਐਸ ਓ — (ਸ) ਉਪਰਲੇ ਸਾਰੇ ਹੀ — (ਅ)
6. ਹੇਠ ਲਿਖਿਆਂ ਵਿਚੋਂ ਕਿਹੜੀ ਗੈਸ ਬਾਕੀ ਗੈਸਾਂ ਤੋਂ ਭਾਰੀ ਹੈ?
   (ੳ) ਕਾਰਬਨਡਾਈਆਕਸਾਈਡ — (ਅ) ਆਰਗਨ
   (ੲ) ਆਕਸੀਜਨ — (ਸ) ਨਾਈਟ੍ਰੋਜਨ — (ੳ)
7. ਬੋਧ ਸੂਤਰਾਂ (Buddhist Texts) ਮੁਤਾਬਕ ਸੰਘ ਵਿਚ ਪ੍ਰਵੇਸ਼ ਕਰਨ ਵਾਲੀ ਅਤੇ 'ਭਿਖਣੀ' (Bhikhuni) ਵਜੋਂ ਨਿਯੁਕਤ ਹੋਈ ਪਹਿਲੀ ਇਸਤਰੀ ਕੌਣ ਸੀ?
   (ੳ) ਮਹਾਮਾਇਆ ਮਾਇਆ ਦੇਵੀ — (ਅ) ਮਹਾਪਜਾਪਤੀ ਗੌਤਮੀ
   (ੲ) ਮਹਾਂਦੇਵੀ ਯਸ਼ੋਧਰਾ — (ਸ) ਸ੍ਰੈਭੰਜਿਕ੍ਰਾ ਅਨੰਦੀ — (ਅ)
8. ਹੇਠ ਲਿਖੇ ਵਿਚੋਂ ਕਿਸ ਰਿਟ/ਆਦੇਸ਼ ਤਹਿਤ, ਇਕ ਵਿਅਕਤੀ 'ਚ ਪਬਲਿਕ/ਜਨਤਕ ਦਫ਼ਤਰ ਨੂੰ ਰੱਖਣ ਦੇ ਅਧਿਕਾਰ ਨੂੰ ਲਲਕਾਰਿਆ ਜਾ ਸਕਦਾ ਹੈ?
   (ੳ) Certiorari — (ਅ) Habeas Corpus
   (ੲ) Mandamus — (ਸ) Quo Warranto — (ਸ)
9. ਦੂਜੇ ਵਿਸ਼ਵਯੁੱਧ ਦੌਰਾਨ ਜਰਮਨੀ ਵੱਲੋਂ ਅਪਰੇਸ਼ਨ 'ਬਾਰਬਰੌਸਾ' ਕੋਡ ਤਹਿਤ ਕਿਸ ਦੇਸ਼ ਤੇ ਹਮਲਾ ਕੀਤਾ ਗਿਆ ਸੀ?
   (ੳ) ਗਰੇਟ ਬ੍ਰਿਟੇਨ — (ਅ) ਸੋਵੀਅਤ ਯੂਨੀਅਨ
   (ੲ) ਫਰਾਂਸ — (ਸ) ਯੂ.ਐਸ.ਏ. — (ਅ)
10. ਵੱਡੇ ਘੱਲੂਘਾਰੇ ਦੀ ਘਟਨਾ ਕਦੋਂ ਹੋਈ?
   (ੳ) 1762 ਈ. — (ਅ) 1726 ਈ.
   (ੲ) 1757 ਈ. — (ਹ) 1728 ਈ. — (ੳ)

## ਸਿਹਤ ਸੰਭਾਲ

# ਯੋਗ ਹੈ ਇਕ ਸੰਪੂਰਨ ਇਲਾਜ ਵਿਧੀ

**ਸੀਤਾ ਰਾਮ ਗੁਪਤਾ**

ਜਦੋਂ ਅਸੀਂ ਸਾਧਨਾ ਕਰਦੇ ਹਾਂ ਜਾਂ ਯੋਗ ਸਾਧਨਾ ਕਰਦੇ ਹਾਂ ਤਾਂ ਕੋਈ ਨਾ ਕੋਈ ਭਾਵ ਤਾਂ ਸਾਡੇ ਮਨ ਵਿਚ ਫੈਲਿਆ ਹੁੰਦਾ ਹੀ ਹੈ। ਮਨ ਦੇ ਕਈ ਪੱਧਰ ਹਨ-ਚੇਤਨ ਜਾਂ ਜਾਗ੍ਰਿਤ ਅਵਸਥਾ ਵਿਚ ਵੀ ਭਾਵ ਤਾਂ ਹੁੰਦਾ ਹੀ ਹੈ ਪਰ ਉਹ ਅਸਲੀਅਤ ਵਿਚ ਤਬਦੀਲ ਨਹੀਂ ਹੁੰਦਾ।

ਯੋਗ ਇਕ ਸੰਪੂਰਨ ਇਲਾਜ ਵਿਧੀ ਹੈ, ਇਸ ਵਿਚ ਕੋਈ ਸ਼ੱਕ ਨਹੀਂ, ਪਰ ਸਿਰਫ ਕੁਝ ਆਸਣ ਜਾਂ ਸਵਾਸ ਪ੍ਰਕਿਰਿਆਵਾਂ ਸੰਪੂਰਨ ਯੋਗ ਨਹੀਂ ਹਨ। ਯੋਗ ਦੇ 8 ਅੰਗ ਹਨ : ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਿਆਹਾਰ, ਧਾਰਨਾ, ਧਿਆਨ ਅਤੇ ਸਮਾਧੀ।

ਸਵਾਲ ਉਠਦਾ ਹੈ ਕਿ ਸਰੀਰਕ ਅਭਿਆਸ ਕ੍ਰਮ ਮਹੱਤਵਪੂਰਨ ਹੈ ਜਾਂ ਮਾਨਸਿਕ ਅਭਿਆਸ ਕ੍ਰਮ? ਸਾਡਾ ਸਰੀਰ ਅਤੇ ਸਾਡੀ ਸ਼ਖ਼ਸੀਅਤ ਅਸਲ ਵਿਚ ਸਾਡੀ ਭਾਵ ਪ੍ਰਕਿਰਿਆ ਦੁਆਰਾ ਨਿਰਮਿਤ ਹੁੰਦੀ ਹੈ। ਜਿਹੋ ਜਿਹਾ ਅਸੀਂ ਲਗਾਤਾਰ ਚਿੰਤਨ ਕਰਦੇ ਹਾਂ ਜਾਂ ਸੋਚਦੇ ਹਾਂ, ਉਹੋ ਜਿਹੇ ਹੀ ਅਸੀਂ ਹੋ ਜਾਂਦੇ ਹਾਂ। ਇਸ ਲਈ ਸਾਡੀ ਸੋਚ ਦਾ ਸਿੱਧਾ ਅਸਰ ਸਾਡੀ ਸਿਹਤ ਜਾਂ ਰੋਗ 'ਤੇ ਵੀ ਪੈਂਦਾ ਹੈ। ਇਹੀ ਵਿਚਾਰ ਪ੍ਰਕਿਰਿਆ ਜਾਂ ਆਤਮ-ਸੰਸੂਚਨ ਜਾਂ ਸੂਚਨਾ ਰੋਗ ਦੇ ਇਲਾਜ ਵਿਚ ਵੀ ਸਭ ਤੋਂ ਮਹੱਤਵਪੂਰਨ ਪ੍ਰਕਿਰਿਆ ਹੈ ਅਰਥਾਤ ਆਪਣੇ ਮਨ ਵਿਚ ਉਠਨ ਵਾਲੇ ਭਾਵ ਜਾਂ ਵਿਚਾਰ ਨਾਲ ਦਿਮਾਗ ਨੂੰ ਪ੍ਰਭਾਵਿਤ ਕਰਨਾ ਹੈ। ਇਥੇ ਮਨ ਮਹੱਤਵਪੂਰਨ ਹੋ ਜਾਂਦਾ ਹੈ। ਜਿਹੋ ਜਿਹਾ ਅਸੀਂ ਚਾਹੁੰਦੇ ਹਾਂ ਜਾਂ ਉਮੀਦ ਕਰਦੇ ਹਾਂ, ਉਹ ਮਨ ਮਸਤਿਕ ਦੀ ਅਲਫਾ ਅਵਸਥਾ ਵਿਚ ਹੀ ਪੂਰਾ ਹੁੰਦਾ ਹੈ।

ਹੁਣ ਸਵਾਲ ਉਠਦਾ ਹੈ ਕਿ ਜੇਕਰ ਮਨ ਦਾ ਹੀ ਸਾਰਾ ਖੇਡ ਹੈ ਤਾਂ ਫਿਰ ਆਸਣ ਅਤੇ ਪ੍ਰਾਣਾਯਾਮ ਦੀ ਕੀ ਲੋੜ ਹੈ? ਸਰੀਰਕ ਕਿਰਿਆਵਾਂ ਅਤੇ ਸਾਹ ਦੇ ਅਭਿਆਸ, ਭੌਤਿਕ ਸਰੀਰ ਨੂੰ ਮਨ ਨਾਲ ਜੋੜਨ ਅਤੇ ਮਨ ਨੂੰ ਸਹੀ ਦਿਸ਼ਾ ਵਿਚ ਲਿਜਾਣ ਲਈ ਜ਼ਰੂਰੀ ਹਨ। ਜਿਵੇਂ ਰੋਟੀ ਬਣਦੀ ਤਾਂ ਆਟੇ ਨਾਲ ਹੀ ਹੈ ਪਰ ਰੋਟੀ ਬਣਾਉਣ ਤੋਂ ਪਹਿਲਾਂ ਆਟੇ ਵਿਚ ਉਚਿਤ ਮਾਤਰਾ ਵਿਚ ਪਾਣੀ ਪਾ ਕੇ ਉਸ ਨੂੰ ਗੁੰਨ੍ਹਣਾ ਅਤੇ ਉਸ ਨੂੰ ਤਿਆਰ ਕਰਨਾ, ਜਿਸ ਨਾਲ ਰੋਟੀ ਸਹੀ ਆਕਾਰ ਦੀ ਅਤੇ ਖਾਣ ਵਿਚ ਚੰਗੀ ਬਣੇ, ਉਸੇ ਹੀ ਤਰ੍ਹਾਂ ਮਨ ਨੂੰ ਅਲਫਾ ਅਵਸਥਾ ਵਿਚ ਲਿਜਾਣ ਦੇ ਲਈ ਯੋਗ ਆਸਣ ਅਤੇ ਪ੍ਰਾਣਾਯਾਮ ਦਾ ਅਭਿਆਸ ਕਰਨਾ ਜ਼ਰੂਰੀ ਹੈ।

ਜੇਕਰ ਵਿਅਕਤੀ ਦਾ ਮਨ ਬੇਹੱਦ ਚੰਚਲ ਨਹੀਂ ਹੈ ਅਤੇ ਆਸਾਨੀ ਨਾਲ ਇਕਾਗਰਤਾ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਦੇ ਲਈ ਆਸਣ ਅਤੇ ਪ੍ਰਾਣਾਯਾਮ ਦਾ ਵਧੇਰੇ ਅਭਿਆਸ ਜ਼ਰੂਰੀ ਨਾ ਵੀ ਹੋਵੇ, ਪਰ ਚੰਚਲ ਚਿੱਤ ਵਾਲਿਆਂ ਲਈ ਯੋਗ ਦਾ ਅਭਿਆਸ ਜ਼ਰੂਰੀ ਹੈ। ਜੇਕਰ ਤੁਹਾਡਾ ਮਨ ਘੱਟ ਚੰਚਲ ਹੈ ਜਾਂ ਤੁਸੀਂ ਪਹਿਲਾਂ ਹੀ ਉਚਿਤ ਅਭਿਆਸ ਕਰ ਚੁੱਕੇ ਹੋ ਤਾਂ ਸਰੀਰ ਨੂੰ ਸਹੀ ਆਸਣ ਵਿਚ ਰੱਖ ਕੇ 2-4 ਡੂੰਘੇ ਸਾਹ ਲੈਣ ਨਾਲ ਹੀ ਤੁਸੀਂ ਅਲਫਾ ਅਵਸਥਾ ਵਿਚ ਪਹੁੰਚ ਜਾਵੋਗੇ ਅਤੇ ਇਸ ਅਵਸਥਾ ਵਿਚ ਪਹੁੰਚ ਕੇ ਤੁਸੀਂ ਜੋ ਸੋਚੋਗੇ ਜਾਂ ਜੋ ਸੋਚ ਤੁਹਾਡੀ ਹੋਵੇਗੀ, ਉਹੀ ਭੌਤਿਕ ਜਗਤ ਵਿਚ ਅਸਲੀਅਤ ਗ੍ਰਹਿਣ ਕਰ ਲਵੇਗੀ।

ਜਦੋਂ ਅਸੀਂ ਸਾਧਨਾ ਕਰਦੇ ਹਾਂ ਜਾਂ ਯੋਗ ਸਾਧਨਾ ਕਰਦੇ ਹਾਂ ਤਾਂ ਕੋਈ ਨਾ ਕੋਈ ਭਾਵ ਤਾਂ ਸਾਡੇ ਮਨ ਵਿਚ ਫੈਲਿਆ ਹੁੰਦਾ ਹੀ ਹੈ। ਮਨ ਦੇ ਕਈ ਪੱਧਰ ਹਨ-ਚੇਤਨ ਜਾਂ ਜਾਗ੍ਰਿਤ ਅਵਸਥਾ ਵਿਚ ਵੀ ਭਾਵ ਤਾਂ ਹੁੰਦਾ ਹੀ ਹੈ ਪਰ ਉਹ ਅਸਲੀਅਤ ਵਿਚ ਤਬਦੀਲ ਨਹੀਂ ਹੁੰਦਾ। ਚੇਤਨ ਮਨ ਦੁਆਰਾ ਅਵਚੇਤਨ ਮਨ ਨੂੰ ਪ੍ਰਭਾਵਿਤ ਕਰਨਾ ਵੀ ਅਸਲ ਇਲਾਜ ਵਿਧੀ ਹੈ ਅਤੇ ਇਕਾਗਰਤਾ ਅਤੇ ਧਿਆਨ ਦੇ ਬਿਨਾਂ ਇਹ ਅਸੰਭਵ ਹੈ। ਇਕਾਗਰਤਾ ਅਤੇ ਧਿਆਨ ਨਾਲ ਅਸੀਂ ਅਲਫਾ ਲੈਵਲ ਵਿਚ ਪਹੁੰਚ ਜਾਂਦੇ ਹਾਂ ਜਾਂ ਕਹੋ ਅਲਫਾ ਲੈਵਲ ਵਿਚ ਪਹੁੰਚ ਕੇ ਹੀ ਇਕਾਗਰਤਾ ਅਤੇ ਧਿਆਨ ਦੀ ਪ੍ਰਾਪਤੀ ਹੋ ਸਕਦੀ ਹੈ। ਅਲਫਾ ਅਵਸਥਾ ਕਹੋ ਜਾਂ ਧਿਆਨ ਅਤੇ ਇਕਾਗਰਤਾ ਦੀ ਅਵਸਥਾ ਇਸੇ ਅਵਸਥਾ ਵਿਚ ਚੇਤਨ ਮਨ, ਅਵਚੇਤਨ ਮਨ ਨੂੰ ਪ੍ਰਭਾਵਿਤ ਕਰਦਾ ਹੈ। ਆਮ ਅਵਸਥਾ ਵਿਚ ਵੀ ਸੋਚੇ ਹੋਏ ਵਿਚਾਰ ਅਸਲੀਅਤ ਵਿਚ ਤਬਦੀਲ ਹੋ ਜਾਂਦੇ ਹਨ।

ਜੇਕਰ ਤੁਸੀਂ ਧਿਆਨ ਅਵਸਥਾ ਦੇ ਬਿਨਾਂ ਦੁਹਰਾਅ ਰਹੇ ਹੋ ਕਿ ਮੈਂ ਤੰਦਰੁਸਤ ਹੋ ਰਿਹਾ ਹਾਂ ਤਾਂ ਉਸ ਹਾਲਤ ਵਿਚ ਤੁਹਾਡੇ ਵਿਚਾਰ, ਸੰਕਲਪ ਦੇ ਵਿਰੋਧੀ ਵਿਚਾਰ ਵੀ ਪੈਦਾ ਹੋ ਜਾਂਦੇ ਹਨ। ਧਿਆਨ ਜਾਂ ਇਕਾਗਰਤਾ ਦੀ ਅਵਸਥਾ ਵਿਚ ਹੀ ਕਿਸੇ ਮਨਚਾਹੇ ਵਿਚਾਰ ਨੂੰ ਰੱਖਿਆ ਜਾ ਸਕਦਾ ਹੈ। ਇਸੇ ਹਾਲਤ ਵਿਚ ਹੀ ਦਵੰਦ ਤੋਂ ਮੁਕਤੀ ਸੰਭਵ ਹੈ। ਇਸ ਅਵਸਥਾ ਲਈ ਮਨ ਦੀ ਗਹਿਰਾਈ ਵਿਚ ਉਤਰਨਾ ਜਾਂ ਅਲਫਾ ਪੱਧਰ ਵਿਚ ਪਹੁੰਚਣਾ ਜ਼ਰੂਰੀ ਹੈ। ਇਹੀ ਉਹ ਅਵਸਥਾ ਹੈ, ਜਿਥੋਂ ਅਸੀਂ ਰੋਗ ਨੂੰ ਨਿਰਮੂਲ ਕਰ ਸਕਦੇ ਹਾਂ ਜਾਂ ਰੋਗ ਦੀ ਦਰਦ ਤੋਂ ਮੁਕਤ ਹੋ ਸਕਦੇ ਹਾਂ।

ਸੁੱਖ-ਦੁੱਖ, ਲਾਭ-ਹਾਨੀ, ਆਮਦਨ-ਖਰਚ, ਮਾਣ-ਅਪਮਾਨ ਤੋਂ ਉੱਪਰ ਉਠ ਕੇ ਸਮਤਾ ਵਿਚ ਸਥਿਤ ਹੋ ਜਾਣਾ ਹੀ ਅਸਲ ਵਿਚ ਇਲਾਜ ਹੈ। ਇਥੋਂ ਹੀ ਧਿਆਨ ਤੋਂ ਸਮਾਧੀ ਵੱਲ ਵਧਣ ਦਾ ਮਾਰਗ ਸ਼ੁਰੂ ਹੁੰਦਾ ਹੈ। ਇਹੀ ਯੋਗ ਦੀ ਸਿਖਰ ਅਵਸਥਾ ਹੈ। ਇਸੇ ਵਿਚ ਹੀ ਯੋਗ ਦੀ ਪੂਰਨਤਾ ਹੈ।

# ਕਾਵਿ-ਕਿਆਰੀ

## (ਲਫ਼ਜ਼ਾਂ ਦੀ ਲੋਏ ਲੋਏ)

### ਸਰੂਪ/ਹਰਬਖ਼ਸ਼ ਸਿੰਘ ਟਾਹਲੀ



ਜਦੋਂ ਮੈਂ ਤੈਨੂੰ ਛੋਟੇ ਸਰੂਪ ਵਿਚ ਦੇਖਾਂ
ਤਾਂ ਮੈਨੂੰ ਖੁਸ਼ੀ ਮਿਲਦੀ ਹੈ
ਜਦੋਂ ਤੇਰਾ ਵਿਰਾਟ ਸਰੂਪ ਦੇਖਾਂ
ਤਾਂ ਮੇਰੀ ਹੈਰਾਨਗੀ ਦੀ ਕੋਈ ਹੱਦ ਨਹੀਂ ਰਹਿੰਦੀ
ਮੈਨੂੰ ਡਰ ਲੱਗਦਾ ਹੈ
ਜੇ ਤੂੰ ਸਿਰਫ਼ ਖਾਲੀ ਆਕਾਸ਼ ਸੀ
ਤਾਂ ਕਿਵੇਂ ਪ੍ਰਗਟ ਹੋਇਓਂ
ਧਰਤੀ, ਚੰਨ, ਸੂਰਜ ਅਤੇ ਤਾਰਿਆਂ ਵਿਚ
ਮੈਂ ਤੈਨੂੰ ਦੂਰੋਂ ਦੇਖ ਕੇ ਹੈਰਾਨ ਹੁੰਦਾ ਹਾਂ
ਜੇ ਕਿਤੇ ਚਲੇ ਜਾਵਾਂ ਤੇਰੇ ਕੋਲ
ਤਾਂ ਅਸੰਭਵ ਹੋ ਜਾਵੇਗਾ ਤੇਰੇ ਵੱਲ ਦੇਖਣਾ
ਇਹ ਅੱਖਾਂ ਤੈਨੂੰ ਦੇਖਣ ਲਈ ਅਸਮਰੱਥ ਹਨ
ਮੈਂ ਇਨ੍ਹਾਂ ਛੋਟੇ ਛੋਟੇ ਪੈਰਾਂ ਦੇ ਸਹਾਰੇ
ਕਿਥੇ ਜਾਵਾਂ ਤੈਨੂੰ ਟੋਲਣ
ਜੇ ਖੰਭ ਵੀ ਹੁੰਦੇ ਤੇ ਕੀ ਕਰ ਲੈਂਦਾ
ਤੂੰ ਤੇ ਅਸਗਾਹ ਏਂ ਅਦਿਖ ਏਂ
ਤੂੰ ਤਾਂ ਇਕ ਸਫ਼ਰ ਏ ਨਾ ਮੁੱਕਣ ਵਾਲਾ
ਮੈਂ ਤੈਨੂੰ ਲੱਭਦਾ ਲੱਭਦਾ ਭਟਕ ਜਾਵਾਂਗਾ।
ਐ ਮਹਾਂ ਅਨੰਤ, ਅਦਿਸ ਪਰਵਿਦਗਾਰ
ਮੈਂ ਤੈਨੂੰ ਲੱਭਾਂਗਾ ਤੇਰੇ ਕਿਸੇ ਛੋਟੇ ਸਰੂਪ ਵਿਚੋਂ
ਮੈਂ ਤੇਰੀਆਂ ਉਂਗਲੀਆਂ ਨੂੰ ਫੜਾਂਗਾ
ਆਪਣੀਆਂ ਉਂਗਲੀਆਂ ਨਾਲ ਤੇ ਤੇਰੇ ਪੈਰਾਂ ਉੱਤੇ
ਰੱਖਾਂਗਾ ਆਪਣਾ ਸੀ।
ਮੈਂ ਤੇਰੀਆਂ ਅੱਖਾਂ ਵਿਚ ਪਾਵਾਂਗਾ ਆਪਣੀਆਂ ਅੱਖਾਂ
ਤੇ ਪੀਵਾਂਗਾ ਬੇਸੁਰਤੀ ਦੇ ਜਾਮ
ਤੇਰੀ ਛੋਹ ਦੇ ਨਾਲ ਮਹਿਸੂਸ ਕਰਾਂਗਾ
ਕਿ ਹੁਣ ਮੈਂ ਛੋਹ ਲਿਆ ਹੈ ਅਨੰਤ ਨੂੰ
ਜਿਥੇ ਮੈਂ ਪਹੁੰਚ ਨਹੀਂ ਸੀ ਸਕਦਾ ਉਹ ਪਹੁੰਚ
ਮੇਰੇ ਕੋਲ ਆ ਬੈਠੀ ਹੈ
ਤੇ ਮੇਰੇ ਦਿਲ ਵਿਚ ਭਰ ਜਾਏਗਾ ਪਿਆਰ
ਮੈਂ ਤੈਨੂੰ ਆਪਣਾ ਮਹਿਬੂਬ ਕਹਿ ਲਵਾਂਗਾ
ਤੇ ਫਿਰ ਰਹਿ ਜਾਵੇਗੀ ਇਕ ਅਰਜੋਈ
ਹੁਣ ਮੈਨੂੰ ਆਪਣੇ ਤੋਂ ਦੂਰ ਨਾ ਕਰੀਂ ਮੇਰੇ ਮਹਿਬੂਬ
ਹੁਣ ਸਮਾ ਲਈ ਮੈਨੂੰ ਆਪਣੇ ਆਪ ਵਿਚ
ਤੇ ਮੈਨੂੰ ਵੀ ਬਣਾ ਦਵੀਂ ਆਪਣੇ ਵਰਗਾ
ਅਨੰਦ, ਅਦਿਸ ਅਤੇ ਅਸਗਾਹ.....

*****

### ਕਵਿਤਾ ਅਕਵਿਤਾ/ ਰੌਣਕਾਂ ਦੇ ਰੰਗ

**ਸੁਰਿੰਦਰ ਮਕਸੂਦਪੁਰੀ**



ਸਾਂਝੇ ਘਰ-ਸਾਂਝੇ ਦਰ
ਸਾਂਝੇ ਚੌਂਕੇ-ਚੁੱਲ੍ਹੇ
ਸਾਂਝੇ ਮੇਲ-ਮਿਲਾਪ੍ਰ ਰਿਸ਼ਤੇ
ਸਾਂਝੇ ਸਨ ਅੰਨ-ਪਾਣੀ
ਸਾਂਝੇ ਵਿਹੜੇ/ਵਲਗਣਾਂ ਵਿਚ
ਲੁੱਡੀਆਂ-ਭੰਗੜੇ ਪਾਉਂਦਿਆਂ ਦੀ
ਆਵੇ ਯਾਦ ਪੁਰਾਣੀ

ਕਿੱਥੇ ਤੁਰ ਗਈ
ਕਿੱਥੇ ਰੁੜ੍ਹ ਗਈ
ਹੱਸਦੀ-ਵਸਦੀ ਘਰ ਦੀ ਰੌਣਕ
ਸਾਂਝੀ ਕਥਾ-ਕਹਾਣੀ

ਖ਼ੌਰੇ ਕਿਉਂ ਰੁੱਸੇ-ਰੁੱਠੇ
ਅੱਜ ਉਹ ਸਾਂਝੇ ਘਰ
ਖ਼ੌਰੇ ਕਿਉਂ
ਤੁਰ ਗਏ ਦੂਰ-ਦੁਰਾਡੇ
ਉਹ ਆਪਣੇ ਸਾਂਝੇ ਦਰ
ਖ਼ੌਰੇ ਕਿਉਂ
ਲਗਦਾ ਏ ਹੁਣ
ਆਪਣਿਆਂ ਨੂੰ ਹੀ
ਆਪਣੇ ਘਰਾਂ ਤੋਂ ਡਰ
ਖ਼ੌਰੇ ਕਿਉਂ
ਹਾਲੋਂ-ਬੇਹਾਲ ਹੋਈਆਂ
ਰੰਗੋਂ-ਬਦਰੰਗ ਹੋਈਆਂ
ਗੁੰਮੀਆਂ-ਗੁਆਚੀਆਂ
ਹੱਸਦੀਆਂ-ਖੇਡਦੀਆਂ
ਹੁਸੀਨ-ਰੰਗੀਨ ਰੌਣਕਾਂ

ਖ਼ੌਰੇ ਕਿਉਂ
ਅੱਜ ਸੰਤਾਪੀਆਂ-ਸਰਾਪੀਆਂ
ਗ਼ਮਗੀਨੀਆਂ-ਉਦਾਸੀਆਂ
ਰੋਂਦੀਆਂ-ਕੁਰਲਾਉਂਦੀਆਂ

ਆਤਮ–ਕਥਾ ਸੁਣਾਉਂਦੀਆਂ
ਜਾ ਕੇ ਬਿਰਧ–ਘਰਾਂ ਦੇ ਦਰ
ਬੁਢਾਪੇ ਦੀ ਡੰਗੋਰੀ ਫੜਦਿਆਂ
ਗੁੰਮ ਗਈਆਂ–ਗੁਜ਼ਰ ਗਈਆਂ
ਰੌਣਕਾਂ ਦੇ ਰੰਗ ਚੇਤੇ ਕਰਦਿਆਂ!

**-234, ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ-144021,**
**ਮੋ. 99887-10234**

*****

## ਕਵਿਤਾ/ ਸੋਧਣ ਕਮੇਟੀ ਆ ਰਹੀ ਹੈ

**ਰਤਨ ਟਾਹਲਵੀ**



ਅੱਜ ਹੀ ਅੰਮ੍ਰਿਤ ਵੇਲੇ ਦੇ ਬੀਤਦਿਆਂ ਹੀ
ਗੁਰੂ ਦਰਬਾਰ 'ਚ
ਆਈ ਏ ਖ਼ਬਰ।
ਸੋਧਣ ਕਮੇਟੀ ਆ ਰਹੀ ਏ
'ਰਹਿਤਦਾਨ' ਅਤੇ 'ਬਿਬੇਕਦਾਨ'
ਆਪਣੇ ਗੁਰੂ ਦੇ ਆਸ਼ਕਾਂ
ਅਤੇ ਗੁਰੂ ਘਰ ਦੇ ਸੇਵਕਾਂ ਨੂੰ
ਬਖ਼ਸ਼ਿਸ਼ ਕਰਨ ਲਈ।

ਹੈਂ!
ਰਹਿਤਦਾਨ, ਬਿਬੇਕਦਾਨ, ਬਖ਼ਸ਼ਿਸ਼ ਕਰਨ ਵਾਲਿਆਂ ਦੇ
ਨਾਂ ਤੋਂ
ਦਰਬਾਰ 'ਚ ਘੁਸਰ–ਮੁਸਰ ਕਿਉਂ ਦੌੜ ਗਈ?
ਕਿਉਂ ਖੁਸ਼ੀ ਦੀ ਲਹਿਰ ਕਿਧਰੇ
ਉਡਣ ਪੰਖੇਰੂ ਹੋ ਗਈ।
ਗੱਲ ਅਫਵਾਹ ਨਹੀਂ, ਸੱਚੀ ਸਾਬਿਤ ਹੋ ਰਹੀ ਏ।
ਸ਼ਸਤਰਧਾਰੀ ਹੋ ਕੇ ਸੋਧਣ ਦਲੀਏ
ਆ ਗਏ ਨੇ ਇਨਸਾਨਾਂ ਦੇ ਦਰ ਘਰ ਵਿਚ।
ਪਰ ਹੈਂ!
ਇਹ ਕੁਹਰਾਮ, ਹਾਹਾਕਾਰ, ਬਚਾਓ ਬਚਾਓ,
ਕੋਈ ਆਸਥਾ ਬਚਾਓ ਦੇ ਸ਼ੋਰ ਵਿਚ
ਇਹ ਹੁੜਦੰਗ ਕੈਸਾ ਮਚ ਰਿਹਾ ਹੈ।
ਪਰ ਕਿਸੇ ਦਾ ਸਿਰ 'ਤੇ ਕਿਸੇ ਦੇ ਜਿਗਰ ਦੇ ਟੁਕੜੇ
ਤਾਂ ਹੋ ਹੀ ਰਹੇ ਨੇ ਫਾੜੀ ਫਾੜੀ।
ਨਾਲ ਤਰਲਾ, ਤਰਸ ਤਾਂ ਕਦੋਂ ਦੇ
ਇਨ੍ਹਾਂ ਦੇ ਜ਼ਿਹਨੀ ਗ੍ਰੰਥ 'ਚੋਂ ਹੋ ਗਏ ਨੇ ਚੋਰੀ।
ਤੇ
ਇਸੇ ਚੋਰੀ ਦੀ ਸਜ਼ਾ
ਬਾਬੇ ਬੋਹੜਾਂ ਨੂੰ ਦਿੰਦੇ ਹੋਏ
ਪਿਰ ਪਿਰਹੜੀ ਨੂੰ
ਮਧੋਲ ਰਹੇ ਨੇ ਪੈਰਾਂ 'ਚ
ਇਹ ਨਵੇਂ ਨਵੇਂ ਬਣੇ ਬਿਬੇਕਦਾਨੀ
ਆਪਣੇ ਬਣਾਏ ਪੰਥ ਦੀ ਸਲਾਮਤੀ ਵਾਸਤੇ।

ਪਰ ਸ਼ਰੇਆਮ
ਬਿਬੇਕ ਮਰ ਰਹੇ 'ਤੇ
ਇਨਸਾਨੀਅਤ ਹੋ ਰਹੀ ਏ ਸ਼ਰਮਸ਼ਾਰ
ਕੋਈ ਨਹੀਂ ਪੁੱਛਦਾ
ਕਿ ਕਿਵੇਂ ਆਏ ਇਹ ਵਿਚ ਦਰਬਾਰ
ਇਹ ਖਾਹ ਮਖਾਹ।

*****

## ਭੈਣੋ ਹੁਣ ਤਾਂ ਭਾਵੇਂ

ਭੈਣੋ ਹੁਣ ਤਾਂ ਭਾਵੇਂ
ਰੱਖੜੀ ਨਾ ਵੀ ਬੰਨ੍ਹੀਏ
ਵੀਰਾਂ ਦੇ ਗੁੱਟਾਂ ਉੱਤੇ

ਇਹ ਸਾਡੀ ਹਿਫਾਜ਼ਤ ਤਾਂ ਕਰਦੇ ਨਹੀ
ਲਗਦਾ ਡਰਪੋਕ ਹੋ ਗਏ !
ਨਸੇੜੀ ਤੇ ਮਤਲਵਪਰੱਸਤ ਵੀ

ਵੇਖਿਆ ਹੀ ਹੈ ਦਿੱਲੀ ਇਨਾਂ ਵਿੱਚੋਂ
ਪਹਿਲਵਾਨ ਭੈਣਾਂ ਦੀ ਮਦਦ ਲਈ
ਖੁੱਲ੍ਹ ਕੇ ਮੈਦਾਨ ਵਿੱਚ
ਕਿੰਨੇ ਕੁ ਆਏ ?

ਮਨੀਪੁਰ ਵਾਲੀਆਂ
ਅਹਿਮ ਘਟਨਾਵਾਂ ਵਿੱਚ ਵੀ ਤਾਂ
ਇਨ੍ਹਾਂ ਦੀ ਅਣਖ ਮਰੀ ਰਹੀ
ਜਦੋਂ ਮਸਟੰਡਿਆਂ ਦੇ ਹਜੂਮ ਨੇ
ਹੁੱਲੜਬਾਜੀ ਕੀਤੀ ਤੇ ਭੈਣਾਂ ਨੂੰ
ਨੰਗੀਆਂ ਕਰਕੇ ਹਜੂਮ ਨਾਲ ਤੋਰਿਆ
ਤੇ ਪੂਰੀ ਦੁਨੀਆਂ ਨੇ ਹੈਰਾਨੀ ਨਾਲ ਵੇਖਿਆ
ਜਿਸ ਉੱਤੇ ਬਹੁਤ ਹੀ ਤਾਕਤਵਰ
ਸੰਸਦ ਵਾਲੇ ਵੱਡੇ ਵੀਰਾਂ ਨੇ
ਚੁੱਪ ਹੀ ਧਾਰੀ ਰੱਖੀ !
ਤੇ ਅਸੈਂਬਲੀਆਂ ਵਿੱਚ ਬੈਠੇ ਵੀਰ ਵੀ
ਖਾਮੋਸ਼ ਹੀ ਰਹੇ

ਬਾਕੀ ਤੁਹਾਨੂੰ ਵੀ ਤਾਂ ਪਤਾ ਹੀ ਹੈ
ਸਾਡੀਆਂ ਨਰਸਾਂ ਨੂੰ
ਸਕੂਲਾਂ ਦੀਆਂ ਭੈਣਜੀਆਂ ਨੂੰ
ਤੇ ਆਂਗਣਵਾੜੀ ਵਰਕਰਾਂ ਨੂੰ

ਵਥੇਰਾ ਕੁੱਟਦੇ ਰਹੇ ਡਾਂਗਾਂ ਨਾਲ
ਕਦੀ ਨੀਲੀਆਂ, ਕਦੀ ਚਿੱਟੀਆਂ ਤੇ ਕਦੀ ਪੀਲੀਆਂ
ਪੱਗਾਂ ਵਾਲੀਆਂ ਸਰਕਾਰਾਂ ਦੇ
ਵਰਦੀ ਵਾਲੇ ਰਖਵਾਲੇ
ਭੈਣੋ ਹੁਣ ਇੰਨਾਂ ਬੇਅਣਖਿਆਂ ਦੇ
ਗੁੱਟਾਂ ਉੱਤੇ ਭਾਵੇਂ ਨਾ ਵੀ ਬੰਨ੍ਹੋ ਰੱਖੜੀ

ਉਂਞ ਵੀ ਤਾਂ ਵਥੇਰਾ
ਅਨਰਥ ਹੁੰਦਾ ਰਹਿੰਦਾ ਏਥੇ
ਰੋਜ਼ ਹੀ ਧੀਆਂ ਭੈਣਾਂ ਨਾਲ
ਰੋਜ਼ ਖ਼ਬਰਾਂ ਆਉਂਦੀਆਂ
ਕਦੀ ਬਲਾਤਕਾਰ ਦੀਆਂ
ਕਦੀ ਤੇਜ਼ਾਬ ਸੁੱਟਣ ਦੀਆਂ
ਤੇ ਕਦੀ ਜਿਉਂਦੀਆਂ ਨੂੰ ਮਾਰ ਦੇਣ ਦੀਆਂ

ਸਾਡੀ ਅਰਜੋਈ ਹੁਣ ਕਿੱਥੇ ਸੁਣਦੇ ਹਨ
ਵੱਡੇ ਵੱਡੇ ਅਹੁਦਿਆਂ ਉੱਤੇ ਬੈਠੇ ਵੀਰ ਵੀ
ਇਸ ਲਈ ਹੁਣ ਭਾਵੇਂ ਨਾ ਵੀ ਬੰਨ੍ਹੋ ਰੱਖੜੀਆਂ
ਇਨ੍ਹਾਂ ਦੇ ਗੁੱਟਾਂ ਉੱਤੇ

ਹੁਣ ਤਾਂ ਇੰਞ ਲਗਦਾ ਜਿਵੇਂ
ਇਹ ਰੱਖੜੀ ਦਾ ਮਤਲਵ ਹੀ ਭੁੱਲ ਗਏ ਹੋਣ
ਨਾਲੇ ਹੁਣ ਕਾਹਤੋਂ ਖਰੀਦੀ ਜਾਣੇ ਐਵੇਂ ਹੀ
ਇਨ੍ਹਾਂ ਲਈ ਸ਼ੂਗਰ ਕਰਦੇ ਮਿਠਾਈ ਵਾਲੇ ਡੱਬੇ
ਤੇ ਕਾਹਤੋਂ ਕਰਨੇ ਭਰਜਾਈਆਂ ਦੇ ਵੀ ਦਿਲ ਦੁਖੀ
ਜਦੋਂ ਆਪਣੀਆਂ ਵਾਹੁਟੀਆਂ ਸਾਹਮਣੇ
ਭਰਾਵਾਂ ਨੂੰ ਦੇਣੇ ਪਏ
ਵਹੁਟੀਆਂ ਦੀਆਂ ਨਨਾਣਾਂ ਨੂੰ
ਸੂਟ, ਰੁਪਈਏ ਜਾਂ ਕੋਈ ਹੋਰ ਚੀਜ਼
ਇਸ ਲਈ ਹੁਣ ਤੁਸੀਂ ਰਹਿਣ ਹੀ ਦਿਓ
ਭਰਾਵਾਂ ਦੇ ਗੁੱਟਾਂ ਉੱਤੇ ਬੰਨਣ ਵਾਲੇ ਕੱਚੇ ਧਾਗੇ

ਰੁਕ ਜਾਓ ਅਜੇ
ਜੇ ਬੰਨਣੀ ਹੀ ਹੈ
ਤਾਂ ਬੰਨ ਦਿਆਂਗੇ ਮੁੜ ਰੱਖੜੀ
ਉਦੋਂ ਜਦੋਂ ਹੋਵੇਗੀ ਇਨ੍ਹਾਂ ਨੂੰ
ਸਾਡੇ ਨਾਲ ਦਿਲੋਂ ਹਮਦਰਦੀ
ਜਦੋਂ ਇਹ ਨਸ਼ੇ ਛੱਡ ਕੇ
ਦੇਸ਼ ਲਈ
ਸਮਾਜ ਲਈ ਚੰਗਾ ਸੋਚਣਗੇ
ਜਦੋਂ ਔਰਤਾਂ ਨਾਲ ਹੁੰਦੀਆਂ ਵਧੀਕੀਆਂ ਵਿੱਚ
ਔਰਤਾਂ ਨਾਲ ਖੜ੍ਹਣਗੇ
ਜਦੋਂ ਬੁਰਸਾਗਰਦੀ ਕਰਨ ਕਰਵਾਉਣ ਵਾਲੇ
ਫਿਰਕਾਪਰੱਸਤਾਂ ਨੂੰ ਪਰੇ ਹਟਾਉਣਗੇ
ਤੇ ਜਦੋਂ ਤਖ਼ਤਾਂ ’ਤੇ ਬੈਠੇ
ਹੰਕਾਰਿਆਂ ਨੂੰ ਗੱਦੀਓਂ ਲਾਹੁਣਗੇ
ਉਦੋਂ ਫਿਰ ਬੰਨ ਦਿਆਂਗੇ
ਇਨ੍ਹਾਂ ਦੇ ਗੁੱਟਾਂ ’ਤੇ ਰੱਖੜੀਆਂ.....

**-ਰਘਵੀਰ ਸਿੰਘ ਟੇਰਕਿਆਨਾ**
**ਐਡਵੋਕੇਟ**
**ਜ਼ਿਲ੍ਹਾ ਕਚਹਿਰੀ-ਹੁਸ਼ਿਆਰਪੁਰ**
**ਫ਼ੋਨ - 98141-73402**

## ਸ਼ਬਦਾਂ ਦੇ ਸੰਜੋਗ

* ਜਿਥੇ ਸ਼ਬਦ ਮੁੱਕ ਜਾਂਦੇ ਹਨ ਉਥੋਂ ਅਰਦਾਸ ਸ਼ੁਰੂ ਹੁੰਦੀ ਹੈ, ਜਿਹੜੇ ਅਰਦਾਸ ਕਰਨ ਵੇਲੇ ਵੀ ਸ਼ਬਦਾਂ ਵਿਚ ਉਲਝੇ ਰਹਿੰਦੇ ਹਨ ਉਹ ਅਰਦਾਸ ਦੇ ਭਾਵ ਤੋਂ ਦੂਰ ਹੁੰਦੇ ਹਨ।
* ਇਹ ਜ਼ਰੂਰੀ ਨਹੀਂ ਹੁੰਦਾ ਕਿ ਚੰਗੇ ਬੰਦੇ ਭਰੋਸੇਯੋਗ ਵੀ ਹੋਣ, ਅਕਸਰ ਚੰਗੇ ਮਨੁੱਖ ਵਿਸ਼ਵਾਸ ਤੋੜ ਜਾਂਦੇ ਹਨ ਅਤੇ ਮਾੜੇ ਬੰਦੇ ਭਰੋਸਾ ਨਿਭਾਅ ਜਾਂਦੇ ਹਨ।
* ਜਿਸ ਕਮਰੇ ਵਿਚ ਪ੍ਰੇਮਿਕਾ ਤੁਹਾਡੇ ਨਾਲ ਹੋਵੇ ਉਹ ਉਸ ਪਲ ਬੈਕੁੰਠ ਦੇ ਤੁਲ ਲੱਗਦਾ ਹੈ।
* ਲੋਕ ਉਦੋਂ ਤੱਕ ਹੀ ਤੁਹਾਡੇ ਘਰ ਆਉਂਦੇ ਹਨ ਜਦੋਂ ਤੱਕ ਤੁਸੀਂ ਦਰਵਾਜ਼ੇ ਖੁੱਲ੍ਹੇ ਰੱਖਦੇ ਹੋ, ਬੰਦ ਦਰਵਾਜ਼ਿਆਂ ਵਾਲੇ ਘਰਾਂ ਨੂੰ ਲੋਕ ਅਣਗੌਲਿਆ ਕਰ ਦਿੰਦੇ ਹਨ।
* ਸ਼ਕਤੀ ਨੂੰ ਖੋਜੀ ਜਾਣ ਨਾਲ ਭਟਕਣਾ ਵਧਦੀ ਹੈ, ਸ਼ਕਤੀ ਦੀ ਹੋਂਦ ਨੂੰ ਸਵੀਕਾਰ ਕਰ ਲੈਣ ਨਾਲ ਤ੍ਰਿਪਤੀ ਹੋ ਜਾਂਦੀ ਹੈ।
* ਜੂਠੇ ਭਾਂਡੇ ਨੂੰ ਮਾਂਜ ਕੇ ਉਸ ਵਿਚ ਫਿਰ ਤੋਂ ਖਾਣਾ ਪਰੋਸ ਲਿਆ ਜਾਂਦਾ ਹੈ ਜੇ ਜੂਠੇ ਮਨ ਨੂੰ ਮਾਂਜ ਲਿਆ ਜਾਵੇ ਤਾਂ ਉਸ ਵਿਚ ਵੀ ਪਿਆਰ ਅਤੇ ਹਮਦਰਦੀ ਪਰੋਸੀ ਜਾ ਸਕਦੀ ਹੈ।
* ਬਹੁਤੇ ਗਿਆਨੀ ਆਪਣੇ ਵੱਲੋਂ ਸ਼ਬਦਾਂ ਦੇ ਬੁਣੇ ਗਏ ਜਾਲ ਵਿਚ ਫਸ ਕੇ ਉਮਰ ਭਰ ਗੁਆਚੇ ਰਹਿੰਦੇ ਹਨ।
* ਪਿਆਰ ਕਦੇ ਪੂਰਾ ਨਹੀਂ ਹੁੰਦਾ ਇਹ ਅਧੂਰਾ ਜਨਮਦਾ ਹੈ ਅਤੇ ਅਧੂਰਾ ਹੀ ਤੁਰਿਆ ਫਿਰਦਾ ਰਹਿੰਦਾ ਹੈ।
* ਨਦੀਆਂ ਦੇ ਪਾਣੀ, ਖੂਹ ਦੇ ਪਾਣੀ ਅਤੇ ਝੀਲ ਦੇ ਪਾਣੀ ਵਿਚ ਭਾਵੇਂ ਫਰਕ ਤੇ ਕੋਈ ਨਹੀਂ ਹੁੰਦਾ ਪਰ ਫਿਰ ਵੀ ਰਵਾਇਤਾਂ ਵੱਖੋ-ਵੱਖ ਹੁੰਦੀਆਂ ਹਨ।

# भाई कन्हैया जी



एक दिन पंजाब के एक गाँव में एक धनी परिवार में कन्हैया नाम के एक लड़के का जन्म हुआ। जैसे-जैसे वह बड़ा हुआ, कन्हैया हमेशा नई-नई चीज़ें खोजता और सीखता रहता था। उन्होंने कई अलग-अलग पवित्र पुरुषों से जीवन और ईश्वर के बारे में सीखा। उन्हें आध्यात्मिक मार्ग बहुत पसंद था और इसलिए उन्होंने अपने जीवन में अपने परिवार की संपत्ति से अलग रास्ता चुना। वह एक गहन आध्यात्मिक युवक बन गया जिसे दिव्य कविता सुनना पसंद था। वह बड़े होकर भाई घनेया के नाम से जाने गए।

भाई कन्हैया अपनी आध्यात्मिक यात्रा पर तब तक रुके रहे जब तक कि वे गुरु तेग बहादुर जी से नहीं मिले और अपने उच्चतम बिंदु पर नहीं पहुंच गए। उसकी सारी खोज इसी में जुड़ गई थी। भाई कन्हैया गुरु से इतने प्रेरित हुए कि उन्होंने उनकी सेवा करना शुरू कर दिया और एक बहुत ही समर्पित सिख बन गए। गुरु के सान्निध्य में रहने और उनसे सीखने से भाई कन्हैया को इतना सुंदर संपूर्ण अनुभव हुआ कि उन्हें किसी और चीज़ की आवश्यकता ही नहीं पड़ी।

गुरु से मिलना स्कूल के लंबे सप्ताह के बाद आखिरकार अपने सबसे अच्छे दोस्त से मिलने जैसा है। भाई गनेया के लिए, गुरु की उपस्थिति उनके मन के लिए इतनी सुखद थी कि इससे उनकी आत्मा में बहुत खुशी हुई। इसने उसके दिल को इतना मजबूत कर दिया कि वह हमेशा बड़ा और खूबसूरत हो गया। भाई कन्हैया ने सिख बनने का फैसला किया और गुरु के मिशन को अपनाया। छात्र और गुरु एक ही हो गए, और साथ में पृथ्वी पर भगवान की उपस्थिति को बढ़ाया।

अपने खुले दिल और सभी के प्रति प्रेम के साथ, भाई कन्हैया जी ने अपना सारा जीवन और समय लंगर की सेवा में समर्पित करना शुरू कर दिया। उन्होंने हर किसी की सेवा की।

जैसे-जैसे उनका कार्य स्वर्ग को धरती पर ले आया, उनका जीवन अधिकाधिक ईश्वर और गुरु के साथ विलीन होने लगा। भाई कन्हैया ने एक आध्यात्मिक केंद्र भी खोला ताकि वह सभी लोगों की सेवा कर सकें।

भाई कन्हैय्या जी ने अपने जीवन के कई वर्षों तक केवल सेवा करते हुए कड़ी मेहनत की, यहाँ तक कि जब तक गुरु गोबिंद सिंह जी गुरु थे, तब तक उन्होंने कड़ी मेहनत की। उस समय पंजाब की भूमि पर आक्रमण हो रहा था और गुरु गोबिंद सिंह जी को एक बड़ी लड़ाई में आनंदपुर साहिब की रक्षा करनी थी। दुश्मनों ने आनंदपुर साहिब पर हमला किया और शहर की आपूर्ति काट दी। जल्द ही पानी और भोजन ढूंढना बहुत मुश्किल हो गया और युद्ध में कई लोग कमज़ोर हो गए और घायल हो गए। भाई कन्हैया ने युद्ध के मैदान में सभी घायल लोगों को देखा और अपने प्यार से सीधे युद्ध के



मैदान में चले गए और सभी को पानी देना शुरू कर दिया। चमड़े के पानी के बर्तन से उनके सूखे गले की सेवा करते हुए उन्होंने दोनों सेनाओं के घायल लोगों को समान रूप से पानी दिया, यहां तक कि दुश्मन को भी!

अब भले ही यह सामान्य नहीं था, गुरु के अधिकांश खालसा को समझ में आया कि भाई कन्हैया ने दुश्मन सैनिकों की भी सेवा क्यों की। उन्होंने सोचा, 'गुरु शुद्ध प्रेम हैं और हम सभी गुरु का हिस्सा हैं। हमें अपने भाई कन्हैया पर बहुत गर्व है कि वह कैसा अभिनय कर रहा है। यह सब भगवान का खेल है। गुरु के आशीर्वाद से, हम भी अपने तरीके से इसी प्रकार की निपुणता के साथ कार्य करेंगे।'

लेकिन कुछ लोगों को यह समझ में नहीं आया। उन्होंने शिकायत करते हुए कहा, 'मुझे यकीन है कि यह बहुत अच्छा है कि वह लोगों की सेवा करता है लेकिन हमारे पास अपने लिए पर्याप्त पानी नहीं है! इसका कोई मतलब नहीं है कि वह हमारा पानी दुश्मन को दे रहा है। साथ ही, वह उनमें से कुछ को ठीक भी कर रहा है। तो क्या होता है जब दुश्मन ठीक हो जाता है और हमसे लड़ने के लिए वापस आ जाता है! हमें गुरु को इसके बारे में बताना चाहिए!'

इसलिए वे इसके बारे में कुछ करने के लिए गुरु गोबिंद सिंह के पास गए। जब उन्होंने गुरु को बताया तो उन्होंने बस इतना कहा, 'कन्हैया को मेरी उपस्थिति में लाओ।' तो भाई कन्हैया को तुरंत उनके पास लाया गया। जब गुरु जी ने अपने प्रिय सिख की पवित्रता और भक्ति देखी, जिसने उनकी और उनके पिता की इतने प्रेम से सेवा की थी, तो उन्होंने पूछा, 'क्या मैंने जो सुना है वह सच है? क्या तुम दुश्मन को पानी दे रहे हो?' भाई कन्हैया जी ने उत्तर दिया, 'हे मेरे प्रिय गुरु जी, हाँ यह सच है। जब मैं इन सभी घायल लोगों के चेहरों को देखता हूँ, तो मुझे केवल आप ही दिखाई देते हैं।'

गुरु गोबिंद सिंह उनकी बात सुनकर बहुत खुश हुए और मुस्कुराते हुए बोले, 'आप सही हैं और आपने आज मुझे दिखाया है कि आप वास्तव में गुरु के शब्दों को समझते हैं और उन्हें जीते हैं।' गुरु जी ने तब अपने सभी खालसों को घोषणा की 'भाई कन्हैया ने शिक्षाओं को सही ढंग से समझा है। मेरे प्यारे सिखों, आप इस तरह सीखने की पूरी कोशिश करें। गुरबानी जो सबक सिखाती है वह अमूल्य है।'

तब गुरु जी ने भाई कन्हैया को कुछ जड़ी-बूटियाँ दीं और उनसे कहा, 'अब से, इसे उन सभी के घावों पर लगाना, जिन्हें इसकी आवश्यकता है।' और भाई कन्हैया ने युद्ध के मैदान में सभी घायलों की प्रेमपूर्वक सेवा करने के लिए इस मरहम का उपयोग करना शुरू कर दिया।

गुरु गोबिंद सिंह जी ने फिर से पूरे समुदाय से बात की और उनसे कहा, 'साध संगत जी, भाई कन्हैया एक पवित्र आत्मा हैं, जो भगवान को प्रिय हैं। उन्होंने इस बात की परवाह किए बिना कि वे कौन हैं या कहां हैं, सभी की सेवा की है।' से आते हैं। उन्होंने सहजता और दैवीय कृपा की एक उत्कृष्ट आध्यात्मिक स्थिति प्राप्त कर ली है। वह सेवा के अपने मिशन को जारी रखेंगे। आने वाले वर्षों में कई और लोग उनके उदाहरण का अनुसरण करेंगे और मानवता की सेवा की परंपरा को जीवित रखेंगे।

गुरुओं की शिक्षाओं के बारे में अलग-अलग लोगों की अलग-अलग समझ थी। और इसलिए जब गुरु जी ने यह कहा तो संगत को यह समझ में आने लगा कि भाई कन्हैया ने सत्य पर अमल किया है और जीया है, जो उनमें से कई ने केवल शब्दों और ध्यान में सीखा था। उन्होंने सबसे चुनौतीपूर्ण समय में और इतने भयानक युद्ध के दौरान दूसरों में दिव्यता देखी। और उन्हें एहसास हुआ कि वह धन्य है।

हम सभी दूसरों में ईश्वर को देखने की स्थिति प्राप्त करें। हम सभी इस सत्य को जिएं और जहां भी जाएं और जो कुछ भी करें, भाई कन्हैया जी की तरह अपने कार्यों में इसका अभ्यास करें।

## APPLICATION ARE INVITED UP TO 30-09-2023 FROM ELIGIBLE CANDIDATES

Application Regd. No.__________

# BABA MAKHAN SHAH LOBANA FOUNDATION (REGD.)

Sector-30-A, Chandigarh-160030 Phone: - 0172-2657340

Affix Passport Size Photo

# APPLICATION FORM

**Merit, Merit Cum-Means Scholarship for Academic Year-202___**

1. Name of Applicant______________________________________________________
   (In Block Letters)
2. i) Father's Name:- ______________________________________________________________
   ii) Mother's Name: - ________________________________________________________
   ii) Occupation ________________________________________
3. Caste _______________________________________________
4. Address for Correspondence :- Village :- ____________________ Post office :- _______________________
   Police Station:-___________________ Tehsil :-___________________________________
   Distt-:-___________________ Pin Code: _________________
5. Permanent Address :-_____________________________________________________________________
   Contact No. - Mobile: _______________________ STD Code: - ___________Landline No.____________
   E-mail-____________________________________________________________
6. Class in which studying________________________________________________
7. Past performance and merit in the school/board/ university:

| Class | Board/University | Year of Passing | % (Percentage) | Remarks |
|---|---|---|---|---|
| | | | | Indicate Board/University Examination (Attach Mark Sheet) |
| | | | | Indicate Board/University Examination only (Attach Mark Sheet) |
| | | | | For Merit Scholarship only. (85% and above marks) |

8. Were you granted scholarship last year : Yes/No

If Yes, Amount of Scholarship received (last year) _____________ Class ___________

9. i) Annual income of Parents/ Guardians in Rs. _____________ p.a.

ii) Attach income certificate from the employer (mandatory)

iii) Land holding to be verified by revenue officer from his office record.

iv) Income verified by the Sarpanch and counter signed by BDPO/ Executive Committee Member of BMSL Chandigarh

10. Signatures a) Student: ____________________ dated __________

b) Father-Guardian ________________ dated __________

11. Name of the Bank_________________________________________ Place:-____________________

Account Holder's Name _______________________________________________________________

Bank Account No. ______________________________________IFSC Code: -____________________

12. Identity Document: - Aadhaar Card/Election Card/Ration Card

Note: - List of documents to be attached with application:-

I) Self attested photocopy of mark sheet

ii) Self attested any other educational document, if any

13. Certificate of the Head of the institution :

Certified that the applicant is a regular student of class _____________ in this school/ college and particulars as shown above are correct

Place: - Signature _________________

Dated: - Name ____________________

Designation Stamp/Seal

1. Certify that the above facts stated are correct & true to my knowledge.

Recommended by the Executive Committee Member of the region with designation, address and Membership Number of BMSL, Chandigarh.

Official seal

Signature ___________________

Name in capital letters

## FOR OFFICE USE ONLY

i) Date of application received _________________________

ii) No. of enclosures with the application ________________

iii) Completion/ correctness of the applicant

Verified by Manger

iv) Signature of the Convener

**Manager** **Convener**

# ACHIEVERS IAS & JKAS OF LOBANA COMMUNITY FROM J&K

**Lobana Community from Jammu-Col. Jagtar Singh Multani (Retd.)**

International Sikh Confederation & SUPPORT NGO Jammu, held a function in Hotel Anutham on 25th June 2023 to honour selected candidates for Civil Services at National and State Level. It's a matter of pride for our community. This ceremony will serve as awareness among our youth and will encourage them to achieve more and more successes in future. Their brief Biodata with details, how they reached to such level of success is also given in succeeding para's.



**1. Major Abinandan Singh 2022 Rank 749 UPSC (IES) -** Maj Abhinandan Singh is an allumni of the prestigious Indian Military Academy and was commissioned into the Corps of Signals in the Indian Army in jul 2015. He has served the Indian Army for close to a decade with varied experience of working in the counter insurgency areas of Assam, Jammu and Kashmir and also in Punjab plains and deserts of Rajasthan and was awarded with the Chief of Integrated Defence Staff Commendation card on Independence day 2022 for his work along the sensitive India Pakistan Border. He has done his schooling from St Francis HR sec School Akhnoor and graduated from the GCET in 2014 in ECE. He is an avid sportsperson, a public speaker and a poet.



**2. Mr. Gurpreet Singh JK CSE - M.No. 9469864304 -** He did graduation in B.Tech (Computer Science & Engineering) from NIT and worked as Senior Software Engineer in an MNC Capgemini and also as Officer in Punjab & Sind Bank. It was first attempt in JK CSE. It was all due to inspiration from my late grandfather who served 35+ years in J&K Police. Hobbies & Aim of Life: he aspires who help the common man through community service and reading books.



**3. Namneet Singh M.No. 8082198148 -** Did basic schooling from State Board and the B.Tech. (Civil Engineering) from Rayat and Bahra University. It was 4th attempt. Before this, he qualified UPSC CAPF Assistant Commandant Exam in 2020, IPS in 2021 and this year he will be getting into IAS. Hobbies - Travelling, Reading

Political History and Sikh Historical Literature. Aim of Life - I would like to work in the sector of education and health as I believe that these two sectors are the basic foundation stone for any society, community, country and even civilisation to prosper. I would like to work at the grassroot level so that the basic facilities can be provided at the last mile level. The particular interest toward working in these sectors was one of the reasons why i opted for Public Administration as my optional. Along with Engineering, I have also done Bachelors in Public Administration also and In future I am planning to do PhD in Public Policy to understand the nuisances of Policy making and administration in a more detailed manner.



**4. Mr. Prabhjot Singh** - **M.No. 7780881201 -** He has done his Graduation from Delhi Technological University in Mechanical engineering in 2020. In 2021, he appeared for JKAS examination and qualified it. Presently, he is undergoing Training in NZATI (North Zonal Accountancy Training Institute Jammu). Aim of Life: His motive of life is to serve his country in general and his community in particular




**5. Mr. Hirdeyjeet Singh - M.No. 8803181672 -** He did schooling upto 10th from Montessori Nargis Dutt Public School with 89.4% marks. Passed 10+2 from Govt Boys Higher Secondary School, R.S Pura with 96.2% marks. He graduated in B.Tech in Mechanical Engg. From Govt College of Enng & Technology in 2018. It was 1st attempt in JK PSC. Hobbies & Area of interest: Meditation and Like to spend time with family & friends.

This may not be out of place to mention that three state level competitors made the grade being OBC. The Lobana Community of J&K have fought for a decade to get the status of OBC in twenty first century where as in Pepsu & Punjab we were placed in backward class in early 50's. This was done under the direction of Sant Baba Prem Singh Jee and many of us have taken benefit out of this for many years.

We in Punjab may feel that now this benefit is not required by our community but- think Lobana's in other State in India, where they need very much to come up with national level competitions.



# MATRIMONIAL



LOOKING FOR A BRIDE, WITH GOOD EDUCATIONAL BACKGROUND AND COMMUNICATION SKILLS. FOR A WELL SETTLED GROOM FROM AUSTRALIA, MR. ASHPREET SINGH, CASTE SIKH LUBANA, DOB 26.07.1992. SON OF GURMEET SINGH AND MOHINDER KAUR. ABOUT QUALIFICATION BACKGROUND- HE IS AWARDED WITH BACHELOR OF PROF. ACCOUNTING DEGREE, AS WELL AS POST GRATITUDEDIPLOMA IN PROJECT MANAGEMENT, ADDING TO THIS, 2 YEARS GRADUATE NEW ZEALAND IN DIPOLOMA BUSINESS. BORN AND RAISED IN INDIA, HIS FATHER WORKED FOR A PUNJAB CO-OPERTAE BANK AS A BANK MANAGER, MOTHER -HOUSE WIFE. UNFORTUNATELY, HIS FATHER HAD EXPIRED IN 2016. AND SISTER MARRIED AND WELL SETTLED IN NEW ZEALAND. CASTE NO BAR.

CONTACT –6239947703, WHATSAPP 9417527677

* * * * *

SEEKING BRIDE FOR LUBANA BOY MR. PRABHJIT SINGH, DOB 13.09.1996, HEIGHT 5'9", EDUCATIONAL QUALIFICATION 10+2 (NON-MEDICAL) IN INDIA, 3 YRS DIPLOMA IN BUSINESS IN AUSTRALIA, 3 YRS DIPLOMA IN AUTOMOTIVE MANAGEMENT IN AUSTRALIA, BUSINESS TRANSPORT COMPANY IN AUSTRALIA, FAMILY- FATHER GOVT. JOB IN JUDICIAL DEPARTMENT (READER GRADE -1), MOTHER COLLEGE LIBRAIAN. CONTACT – 7308991313

* * * * *

SEEKING BRIDE FOR LUBANA BOY, S. MANJINDER SINGH, DOB 02 AUG 1992, DENTIST, PERMANENT RESIDENT HOLDER IN CANADA, (SURREY, BRITISH COLUMBIA, CANADA), EDUCATIONAL QUALIFICATIONS:BACHELOR OF DENTAL SURGERY (BDS), BABA JASWANT SINGH DENTAL COL. & HOSP., LUDHIANA, MASTERS IN GLOBAL HEALTH AND ADMINISTRATIVE SCI FROM FAIRLEIGH DICKINSON UNIVERSITY, VANCOUVER, B.C. CANADA, CLEARED CANADIAN DENTAL EQUIVALENCY EXAMS – AFK AND ACJ AND SOON TO APPEAR FOR THE LASTSTEP I.E. NDECC., COMPLETED FELLOWSHIP TRAINING IN ORAL AND MAXILLIOFACIAL RADIOLOGY FROM UNVERSITY OF WASHINGTON, U.S. CONTACT : 9914006432

* * * * *

LOOKING BRIDE FOR SMART RAVIDASIA BOY 07.09.1986 BORN, HEIGHT 6 FT FROM SANGRUR (PB), EDUCATION – MASTER IN IT FROM CANADA'S TOP 10 UNIVERSITY, MBA FROM PU, B. TECH IN COMPUTER SCIENCE, WORKING IN CANADA (PR), FAMILY – FATHER RETIRED FROM GOVT. SERVICE, MOTHER

(HOMEMAKER). B. TECH, M. TECH OR CA GIRL PREFERRED, CONTACT 9056861085

* * * * *

SUITABLE RAMGARHIA OR LUBANA BEAUTIFUL SLIM MATCH FOR PGD CSC, FEB 1996/5'-11" CANADA PR BOY, PARENTS AMRITDHARI, FROM MOHALI AND GAZZETTED PUNJAB GOVT. OFFICERS. CONTACT – 9888010933

* * * * *

SUITABLE LUBANA BEAUTIFUL SLIM AND HIGHLY EDUCATED MATCH FOR B.TECH. MS, APRIL 1997/ 5'6" CANADA PR BOY, FATHER RETIRED AS DY DEO AND MOTHER WORKING AS LECTURER. CONTACT – 9876170933

* * * * *

SEEKING MATCH FOR LOBANA SIKH BOY 6 FT, 1993 BORN, B. TECH, MANAGER IN PUNJAB NATIONAL BANK, CONTACT 9466826356

* * * * *

SEEKING MATCH FOR 26 YRS LOBANA BOY, HEIGHT 6'1", EDUCATION – B. TECH IN CIVIL ENGINEERING FROM PEC CHANDIGARH, M. ENGG. IN STRUCTURAL ENGINEERING FROM CARLETON UNIVERSITY CANADA, CURRENTLY WORKING AS A STRUCTURAL ENGINEER IN CANADA, CURRENT RESIDENCE SUDBURY CANADA. PERMANENT RESIDENCE IN PANCHKULA (HR), CONTACT ON WHATSAPP – 6280045394

* * * * *

DR. SANT PARKASH SINGH MULTANI S/O DR. AMARBIR SINGH MULTANI, D.O.B. 02/07/1995, HEIGHT 6FT, RESIDENCE MULTANI HOSPITAL V.P.O. KALANAUR DISTT GURDASPUR. QUALIFICATION M.B.B.S (DR. B.R. A. UNIVERSITY AGRA) FELLOWSHIP CERTIFIED COURSE IN GASTROENTEROLOGY, INTERNAL MEDICINE, F.C.C.M. TWO SIBLINGS:- 1 SISTER (PCMS DOCTOR & MARRIED), 1 BROTHER (AUTO MOBILE ENGINEER, CANADIAN CITIZEN & MARRIED).

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ। ਅਦਾਰਾ ਲੁਬਾਣਾ ਸੇਵਕ

# ਅਗਸਤ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਸ੍ਰ: ਸੁਰਿੰਦਰ ਸਿੰਘ ਰੂਬੀ<br>16, ਗੁਰੂ ਗੋਬਿੰਦ ਸਿੰਘ ਐਵਨਿਊ, ਜਲੰਧਰ। | 078 | 500/- | 17.08.2023 |
| 2. | ਸ੍ਰ: ਨਰਿੰਦਰ ਸਿੰਘ, ਪੀ.ਈ.ਐਸ.<br>ਮਕਾਨ ਨੰ: 7113, ਸੈਕਟਰ 125, ਐਸ.ਏ.ਐਸ. ਨਗਰ, ਮੋਹਾਲੀ। | 079 | 500/- | 17.08.2023 |
| 3. | ਪੰਡਿਤ ਰਾਮ ਕੁਮਾਰ (ਕੰਟੀਨ)<br>ਬ.ਮ.ਸ.ਲ ਫ਼ਾਊਂਡੇਸ਼ਨ, ਚੰਡੀਗੜ੍ਹ। | 080 | 500/- | 17.08.2023 |
| 4. | ਸ੍ਰ: ਐਨ.ਪੀ. ਸਿੰਘ<br>ਮਕਾਨ ਨੰ: 2249, ਸਟਾਰ ਐਨਕਲੇਵ, ਸੈਕਟਰ 48 ਸੀ, ਚੰਡੀਗੜ੍ਹ। | 081 | 200/- | 17.08.2023 |
| 5. | ਬੀਬੀ ਨਰਿੰਦਰ ਕੌਰ<br>ਮਕਾਨ ਨੰ: 2020, ਸੈਕਟਰ 37-ਸੀ, ਚੰਡੀਗੜ੍ਹ। | 082 | 200/- | 17.08.2023 |
| 6. | ਮੇਜਰ ਜਸਪਾਲ ਸਿੰਘ, ਮੈਟੀਨੈਂਸ ਸੱਕਤਰ<br>ਮਕਾਨ ਨੰ: 18, ਏ.ਕੇ.ਐਸ ਕਲੋਨੀ, ਜ਼ੀਰਕਪੁਰ। | 083 | 100/- | 17.08.2023 |
| 7. | ਇੰਜ: ਕੁਲਬੀਰ ਸਿੰਘ ਸੁਜਲਾਨਾ<br>ਐਸ.ਈ. (ਰਿਟਾ.), ਮਕਾਨ ਨੰ: 139, ਸੈਕਟਰ-70, ਮੋਹਾਲੀ। | 084 | 500/- | 17.08.2023 |
| 8. | ਸ੍ਰ: ਨਿਰਮਲ ਸਿੰਘ, (ਸੁੱਖਪਾਲ ਅਤੇ ਹਰਪ੍ਰੀਤ)<br>ਮਕਾਨ ਨੰ: 2354, ਫ਼ੇਸ-10, ਮੋਹਾਲੀ। | 085 | 320/- | 17.08.2023 |
| 9. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ<br>ਵਿੱਤ ਸਕੱਤਰ, ਮਕਾਨ ਨੰ: -3405, ਸੈਕਟਰ 40-ਡੀ, ਚੰਡੀਗੜ੍ਹ। | 086 | 200/- | 17.08.2023 |
| 10. | ਸ੍ਰ: ਸੁਖਵਿੰਦਰ ਸਿੰਘ<br>ਬੇਗੋਵਾਲ, ਕਪੂਰਥਲਾ। | 087 | 10000/- | 18.08.2023 |
| 11. | ਬੀਬੀ ਨਰਿੰਦਰ ਕੌਰ<br>ਮਕਾਨ ਨੰ: - 762, ਸੈਕਟਰ-22 ਸੀ, ਚੰਡੀਗੜ੍ਹ। | 088 | 1100/- | 18.08.2023 |
| 12. | ਬੀਬੀ ਨਰਿੰਦਰ ਕੌਰ<br>ਮਕਾਨ ਨੰ: - 762, ਸੈਕਟਰ-22 ਸੀ, ਚੰਡੀਗੜ੍ਹ। | 089 | 5000/- | 18.08.2023 |
| 13. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>(ਸਕੱਤਰ), ਮਕਾਨ ਨੰ: 2218, ਸੈਕਟਰ - 38 ਸੀ, ਚੰਡੀਗੜ੍ਹ। | 090 | 1100/- | 18.08.2023 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**



ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ ਦਾ ਖੂਬਸੂਰਤ ਦ੍ਰਿਸ਼




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਚ ਚੱਲ ਰਹੇ ਹੈਲਥ ਕੇਅਰ ਸੈਂਟਰ ਦੇ ਵੱਖ-ਵੱਖ ਵਿੰਗਾਂ ਦਾ ਦ੍ਰਿਸ਼

# Eleventh(11) Working Committee Meeting of BMSLF Chandigarh held on 13.08.2023, in Conference hall of BMSLF Bhawan



